8-JAN-PAGE-1.qxd 1/7/2024 9:28 PM Page 1

ਸੋਮਵਾਰ, 8 ਜਨਵਰੀ, 2024
24 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 219

ਨਵਾਂ ਜ਼ਮਾਨਾ

DAILY NAWAN ZAMANA • MONDAY, 8 JANUARY, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਭਾਰਤ ਤੇ ਮਾਲਦੀਵ ਵਿਚਾਲੇ ਤਲਖੀ ਵਧੀ

ਮੋਦੀ ਦੇ ਲਕਸ਼ਦੀਪ ਦੌਰੇ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਛਿੜੀ ਜੰਗ

ਮਾਲੇ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲਕਸ਼ਦੀਪ ਦੌਰੇ ਨਾਲ ਮਾਲਦੀਵ ਤੇ ਭਾਰਤ ਦੇ ਲੋਕਾਂ ਵਿਚਾਲੇ ਕਾਫੀ ਤਲਖੀ ਪੈਦਾ ਹੋ ਗਈ ਹੈ, ਹਾਲਾਂਕਿ ਮਾਲਦੀਵ ਸਰਕਾਰ ਨੇ ਮੋਦੀ ਖਿਲਾਫ ਟਿੱਪਣੀਆਂ ਨੂੰ ਲੈ ਕੇ ਆਪਣੇ ਤਿੰਨ ਮੰਤਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਮਰੀਅਮ ਸ਼ਿਉਨਾ, ਮਲਸ਼ਾ ਸ਼ਰੀਫ ਤੇ ਮਹਜ਼ੂਮ ਮਾਜਿਦ ਹਨ। ਮਾਲਦੀਵ ਸਰਕਾਰ ਨੇ ਇਨ੍ਹਾਂ ਦੀਆਂ ਟਿੱਪਣੀਆਂ ਤੋਂ ਖੁਦ ਨੂੰ ਅੱਡ ਕਰਦਿਆਂ ਕਿਹਾ ਹੈ ਕਿ ਪ੍ਰਗਟਾਵੇ ਦੀ ਆਜ਼ਾਦੀ ਨੂੰ ਜ਼ਿੰਮੇਵਾਰੀ ਨਾਲ ਮਾਨਣਾ ਚਾਹੀਦਾ ਹੈ।

ਇਸੇ ਦੌਰਾਨ ਭਾਰਤ ਦੇ ਕਈ ਸੱਜਣ ਮਾਲਦੀਵ ਦੇ ਬਾਈਕਾਟ ਕਰਨ 'ਤੇ ਤੁਲ ਗਏ ਹਨ। ਇਨ੍ਹਾਂ ਵਿਚ ਐਕਟਰ ਅਕਸ਼ੈ ਕੁਮਾਰ ਤੇ ਕੰਗਣਾ ਰਣੌਤ ਵੀ ਸ਼ਾਮਲ ਹਨ। ਅਕਸ਼ੈ ਨੇ ਕਿਹਾ ਹੈ ਕਿ ਹੈਰਾਨੀ ਦੀ ਗੱਲ ਹੈ ਕਿ ਮਾਲਦੀਵ ਦੇ ਲੋਕ ਉਸ ਦੇਸ਼ ਦੀ ਬੁਰਾਈ ਕਰ ਰਹੇ ਹਨ, ਜਿੱਥੋਂ ਸਭ ਤੋਂ ਵੱਧ ਟੂਰਿਸਟ ਮਾਲਦੀਵ ਜਾਂਦੇ ਹਨ। ਕੰਗਣਾ ਨੇ ਉੱਥੇ ਮੁਸਲਮਾਨਾਂ ਦੀ ਬਹੁਗਿਣਤੀ ਦੀ ਗੱਲ ਕਹੀ ਹੈ। ਸਿਤਾਰਿਆਂ ਦੀ ਅਜਿਹੀ ਪ੍ਰਤੀਕਿਰਿਆ ਦਰਮਿਆਨ ਕਈ ਲੋਕਾਂ ਨੇ ਮਾਲਦੀਵ ਦਾ ਦੌਰਾ ਰੱਦ ਕਰ ਦਿੱਤਾ ਹੈ। ਮਾਲਦੀਵ ਸਰਕਾਰ ਨੇ ਕਿਹਾ ਹੈ ਕਿ ਉਹ ਵਿਦੇਸ਼ੀ ਆਗੂਆਂ ਬਾਰੇ ਸੋਸ਼ਲ ਮੀਡੀਆ 'ਤੇ ਚੱਲ ਰਹੀਆਂ ਘਟੀਆ ਟਿੱਪਣੀਆਂ ਤੋਂ ਵਾਕਫ ਹੈ। ਇਹ ਨਿੱਜੀ ਵਿਚਾਰ ਹਨ ਅਤੇ ਮਾਲਦੀਵ ਦੀ ਸਰਕਾਰ ਦੀ ਨੁਮਾਇੰਦਗੀ ਨਹੀਂ ਕਰਦੇ। ਮਾਲਦੀਵ ਦੀ ਯੁਵਾ ਸਸ਼ਕਤੀਕਰਨ ਉਪ ਮੰਤਰੀ ਮਰੀਅਮ ਸ਼ਿਉਨਾ ਨੇ ਸੋਸ਼ਲ ਪਲੇਟਫਾਰਮ 'ਐਕਸ' 'ਤੇ ਲਿਖਿਆ ਸੀ—ਜੋਕਰ, ਇਜ਼ਰਾਈਲ ਦੀ ਕਠਪੁਤਲੀ ਲਾਈਫ ਜੈਕਟ ਨਾਲ ਗੋਤਾਖੋਰ ਬਣਿਆ। ਉਸ ਨੇ ਭਾਰਤ ਦੀ ਤੁਲਨਾ ਗਊ ਦੇ ਗੋਹੇ ਨਾਲ ਵੀ ਕੀਤੀ। ਹਾਲਾਂਕਿ ਬਾਅਦ ਵਿਚ ਉਸ ਨੇ ਇਹ ਪੋਸਟ ਡਿਲੀਟ ਕਰ ਦਿੱਤੀ। ਇਕ ਹੋਰ ਉਪ ਮੰਤਰੀ ਮਾਲਸ਼ਾ ਸ਼ਰੀਫ ਨੇ ਵੀ ਭਾਰਤ ਬਾਰੇ ਅਜਿਹੀ ਹੀ ਭਾਸ਼ਾ ਵਰਤੀ। ਇਨ੍ਹਾਂ ਪੋਸਟਾਂ ਤੋਂ ਬਾਅਦ ਕਈ ਹੋਰ ਉੱਘੇ ਸਿਆਸਤਦਾਨਾਂ ਤੇ ਆਗੂਆਂ ਨੇ ਪੋਸਟਾਂ ਪਾ ਕੇ ਭਾਰਤੀਆਂ ਤੇ ਮਾਲਦੀਵ ਦਾ ਦੌਰਾ ਕਰਨ ਵਾਲੇ ਭਾਰਤੀ ਸੈਲਾਨੀਆਂ ਬਾਰੇ ਟਿੱਪਣੀਆਂ ਕੀਤੀਆਂ। ਇਸ ਤੋਂ ਬਾਅਦ ਭਾਰਤੀਆਂ ਨੇ 'ਬਾਈਕਾਟ ਮਾਲਦੀਵ' ਚਲਾ ਦਿੱਤਾ। ਮੋਦੀ ਨੇ ਲਕਸ਼ਦੀਪ ਦੇ ਦੌਰੇ ਤੋਂ ਬਾਅਦ ਪੋਸਟ ਪਾ ਕੇ ਕਿਹਾ ਸੀ ਕਿ ਜਿਹੜੇ ਕੁਦਰਤੀ ਸੁੰਦਰਤਾ ਨੂੰ ਨਿਹਾਰਨਾ ਚਾਹੁੰਦੇ ਹਨ, ਉਹ ਆਪਣੀ ਲਿਸਟ ਵਿਚ ਲਕਸ਼ਦੀਪ ਨੂੰ ਵੀ ਸ਼ੁਮਾਰ ਕਰਨ। ਇਸ ਤੋਂ ਬਾਅਦ ਮਾਲਦੀਵ ਦੀਆਂ ਨਿਊਜ਼ ਵੈੱਬਸਾਈਟਾਂ 'ਤੇ ਇਹ ਖਬਰਾਂ ਚੱਲਣ ਲੱਗ ਪਈਆਂ ਕਿ ਭਾਰਤ ਨੇ ਮਾਲਦੀਵ ਵਿਚ ਸੈਰ-ਸਪਾਟੇ ਖਿਲਾਫ ਮੁਹਿੰਮ ਚਲਾ ਦਿੱਤੀ ਹੈ।

ਨਵੰਬਰ ਵਿਚ ਸੱਤਾ ਸੰਭਾਲਣ ਵਾਲੇ ਰਾਸ਼ਟਰਪਤੀ ਮੁਹੰਮਦ ਮੁਈਜ਼ੂ ਦੀ ਸਰਕਾਰ ਦੇ ਕਈ ਉੱਚ ਅਧਿਕਾਰੀਆਂ ਨੇ ਵੀ ਅਜਿਹੀਆਂ ਗੱਲਾਂ ਪੋਸਟ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕੁਝ ਨੇ ਤਾਂ ਇਹ ਵੀ ਪੋਸਟ ਕਰ ਦਿੱਤੀ ਕਿ ਲਕਸ਼ਦੀਪ ਭਾਰਤ ਦਾ ਨਹੀਂ, ਸਗੋਂ ਮਾਲਦੀਵ ਦਾ ਹੈ। ਪਿਛਲੇ ਸਾਲ ਦੋ ਲੱਖ ਤੋਂ ਵੱਧ ਭਾਰਤੀਆਂ ਨੇ ਮਾਲਦੀਵ ਦੀ ਸੈਰ ਕੀਤੀ ਸੀ। ਮਾਲਦੀਵ ਵਿਚ ਭਾਰਤ ਵਿਰੋਧੀ ਮੁਹਿੰਮ ਨਵੀਂ ਨਹੀਂ ਹੈ। 2020 ਵਿਚ 'ਇੰਡੀਆ ਆਊਟ' ਮੁਹਿੰਮ ਚੱਲੀ ਸੀ। 2021 ਦੇ ਅੱਧ ਤੱਕ ਇਸ ਨੇ ਇਬਰਾਹੀਮ ਮੁਹੰਮਦ ਸਾਲਿਹ ਦੀ ਸਰਕਾਰ (2018-2023) ਖਿਲਾਫ ਤਿੱਖਾ ਰੂਪ ਲੈ ਲਿਆ। ਇਸ ਦਾ ਨਤੀਜਾ ਸਾਲਿਹ ਦੀ ਹਾਰ ਵਿਚ ਨਿਕਲਿਆ। ਵਰਤਮਾਨ ਰਾਸ਼ਟਰਪਤੀ ਨੇ ਆਪਣੀ ਚੋਣ ਮੁਹਿੰਮ ਵਿਚ ਕਿਹਾ ਸੀ ਕਿ ਉਹ ਮਾਲੇ ਵਿਚ ਤਾਇਨਾਤ ਭਾਰਤੀ ਫੌਜੀਆਂ ਨੂੰ ਬਾਹਰ ਕਰ ਦੇਣਗੇ। ਉਹ ਚੀਨ ਪੱਖੀ ਸਮਝੇ ਜਾਂਦੇ ਹਨ।

ਪ੍ਰਧਾਨ ਮੰਤਰੀ ਨੇ ਲਕਸ਼ਦੀਪ ਦੇ ਦੌਰੇ ਤੋਂ ਬਾਅਦ ਇਹ ਤਸਵੀਰਾਂ ਜਾਰੀ ਕਰਦਿਆਂ ਕਿਹਾ ਸੀ—ਜਿਹੜੇ ਲੋਕ ਕੁਦਰਤ ਦੀ ਸੁੰਦਰਤਾ ਨੂੰ ਨਿਹਾਰਨਾ ਚਾਹੁੰਦੇ ਹਨ, ਉਨ੍ਹਾਂ ਦੀ ਲਿਸਟ ਵਿਚ ਲਕਸ਼ਦੀਪ ਜ਼ਰੂਰ ਹੋਣਾ ਚਾਹੀਦਾ ਹੈ।

ਕਾਰਗਿਲ 'ਚ ਪਹਿਲੀ ਵਾਰ ਨਾਈਟ ਲੈਂਡਿੰਗ



ਨਵੀਂ ਦਿੱਲੀ : ਲੱਦਾਖ ਦੇ ਕਾਰਗਿਲ ਵਿਚ ਏਅਰ ਫੋਰਸ ਦੇ ਸੀ-130 ਜੇ ਸੁਪਰ ਹਰਕਿਊਲਿਸ ਜਹਾਜ਼ ਨੇ ਰਾਤ ਨੂੰ ਉਤਾਰਾ ਕੀਤਾ। ਐਤਵਾਰ ਜਾਰੀ ਇਸ ਦੀ ਵੀਡੀਓ ਵਿਚ ਕਿਹਾ ਗਿਆ—ਸੀ-130 ਜੇ ਜਹਾਜ਼ ਨੂੰ ਉਤਾਰ ਕੇ ਇਤਿਹਾਸ ਰਚਿਆ ਗਿਆ ਹੈ। ਹੁਣ ਰਾਤ ਦੇ ਹਨੇਰੇ ਵਿਚ ਵੀ ਨਿਗਰਾਨੀ ਤੇ ਦੁਸ਼ਮਣਾਂ 'ਤੇ ਹਮਲਾ ਕੀਤਾ ਜਾ ਸਕਦਾ ਹੈ।

ਇਸ ਮੌਕੇ ਫੌਜ ਦੇ ਕਮਾਂਡੋਜ਼ ਨੇ ਟੈਰੇਨ ਮਾਸਕਿੰਗ ਅਭਿਆਸ ਕੀਤਾ। ਇਹ ਇਕ ਖਾਸ ਫੌਜੀ ਅਭਿਆਸ ਹੁੰਦਾ ਹੈ, ਜਿਹੜਾ ਦੁਸ਼ਮਣ ਤੋਂ ਲੁਕ ਕੇ ਆਪਣੇ ਮਿਸ਼ਨ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਕੀਤਾ ਜਾਂਦਾ ਹੈ। ਲੱਦਾਖ ਦੇ ਕਾਰਗਿਲ ਵਿਚ ਮੌਜੂਦ ਹਵਾਈ ਪੱਟੀ ਸਮੁੰਦਰ ਤਲ ਤੋਂ 8800 ਫੁੱਟ ਤੋਂ ਵੱਧ ਦੀ ਉਚਾਈ 'ਤੇ ਹੈ। ਇਹ ਇਲਾਕਾ ਉੱਚੀਆਂ ਪਹਾੜੀਆਂ ਤੇ ਸੰਘਣੇ ਜੰਗਲਾਂ ਨਾਲ ਘਿਰਿਆ ਹੋਇਆ ਹੈ। ਇੱਥੇ ਲੈਂਡਿੰਗ ਕਾਫੀ ਮੁਸ਼ਕਲ ਮੰਨੀ ਜਾਂਦੀ ਹੈ। ਰਾਤ ਨੂੰ ਤਾਂ ਹੋਰ ਮੁਸ਼ਕਲ ਹੁੰਦੀ ਹੈ।

ਭਾਰਤ ਨੇ ਲੱਦਾਖ ਵਿਚ ਅਸਲ ਕੰਟਰੋਲ ਲਾਈਨ ਨੇੜੇ 68 ਹਜ਼ਾਰ ਜਵਾਨ ਤਾਇਨਾਤ ਕੀਤੇ ਹੋਏ ਹਨ। ਏਅਰ ਫੋਰਸ ਦੀ ਮਦਦ ਲਈ ਕਰੀਬ 90 ਟੈਂਕ ਵੀ ਤਾਇਨਾਤ ਕੀਤੇ ਹੋਏ ਹਨ। ਸੀ-130 ਜਹਾਜ਼ ਨੇ 1954 ਵਿਚ ਪਹਿਲੀ ਉਡਾਣ ਭਰੀ ਸੀ। ਇਸ ਚਾਰ ਇੰਜਣ ਵਾਲੇ ਟਰਾਂਸਪੋਰਟ ਜਹਾਜ਼ ਨੂੰ ਅਮਰੀਕੀ ਕੰਪਨੀ ਲਾਕਹੀਡ ਮਾਰਟਿਨ ਨੇ ਬਣਾਇਆ ਸੀ। ਬਾਅਦ ਵਿਚ ਨਵੇਂ ਇੰਜਣ, ਫਲਾਈਟ ਡੈੱਕ ਤੇ ਐਡਵਾਂਸ ਸਿਸਟਮ ਨਾਲ ਅੱਪਗਰੇਡ ਕਰਕੇ ਜਹਾਜ਼ ਨੂੰ ਸੀ-130 ਜੇ ਨਾਂਅ ਦਿੱਤਾ ਗਿਆ। ਭਾਰਤ ਸਣੇ 20 ਤੋਂ ਵੱਧ ਦੇਸ਼ ਇਸ ਨੂੰ ਇਸਤੇਮਾਲ ਕਰ ਰਹੇ ਹਨ।

ਸਕੂਲਾਂ 'ਚ 14 ਜਨਵਰੀ ਤੱਕ ਛੁੱਟੀਆਂ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜਾਬ ਸਰਕਾਰ ਨੇ ਕੜਾਕੇ ਦੀ ਠੰਢ ਕਾਰਨ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ 'ਚ 14 ਜਨਵਰੀ ਤੱਕ ਛੁੱਟੀਆਂ ਕਰਨ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ—ਕੜਾਕੇ ਦੀ ਠੰਢ ਨੂੰ ਧਿਆਨ 'ਚ ਰੱਖਦਿਆਂ ਇਹ ਫੈਸਲਾ ਕੀਤਾ ਗਿਆ ਹੈ ਕਿ 10ਵੀਂ ਜਮਾਤ ਤਕ ਸਾਰੇ ਸਕੂਲ 8 ਜਨਵਰੀ ਤੋਂ 14 ਜਨਵਰੀ ਤਕ ਬੰਦ ਰਹਿਣਗੇ।

ਕੇਜਰੀਵਾਲ ਨੇ ਭਰੂਚ ਲੋਕ ਸਭਾ ਹਲਕੇ ਤੋਂ ਉਮੀਦਵਾਰ ਐਲਾਨਿਆ

ਭਰੂਚ/ਚੰਡੀਗੜ੍ਹ (ਗੁਰਜੀਤ ਬਿੱਲਾ)

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਐਤਵਾਰ ਜੇਲ੍ਹਬੰਦ ਵਿਧਾਇਕ ਚੈਤਰ ਵਸਾਵਾ ਨੂੰ ਭਰੂਚ ਹਲਕੇ ਤੋਂ ਲੋਕ ਸਭਾ ਦਾ ਪਾਰਟੀ ਉਮੀਦਵਾਰ ਐਲਾਨਿਆ। ਵਸਾਵਾ 'ਤੇ ਕਥਿਤ ਵਸੂਲੀ ਤੇ ਜੰਗਲਾਤ ਅਧਿਕਾਰੀਆਂ 'ਤੇ ਹਮਲੇ ਦਾ ਦੋਸ਼ ਹੈ।

ਭਰੂਚ ਜ਼ਿਲ੍ਹੇ ਦੇ ਨੇਤਰੰਗ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਮਹਿੰਗੇ ਵਕੀਲ ਕੀਤੇ ਹਨ ਤੇ ਚੋਣਾਂ ਤੱਕ ਵਸਾਵਾ ਦੀ ਜ਼ਮਾਨਤ ਕਰਵਾ ਲਈ ਜਾਵੇਗੀ। ਜੇ ਭਾਜਪਾ ਨੇ ਦਾਅ ਖੇਡਦਿਆਂ ਉਨ੍ਹਾਂ ਨੂੰ ਬਾਹਰ ਨਾ ਆਉਣ ਦਿੱਤਾ ਤਾਂ ਵਰਕਰ ਉਨ੍ਹਾਂ ਦੀ ਫੋਟੋ ਲੈ ਕੇ ਘਰ-ਘਰ ਪ੍ਰਚਾਰ ਕਰਨ ਤੇ ਭਾਜਪਾ ਉਮੀਦਵਾਰ ਦੀ ਜ਼ਮਾਨਤ ਜ਼ਬਤ ਕਰਾਉਣ।

ਕੇਜਰੀਵਾਲ ਨੇ ਕਬਾਇਲੀਆਂ ਨੂੰ ਸੱਦਾ ਦਿੱਤਾ ਕਿ ਉਹ ਡਾਕੂਆਂ ਨਾਲੋਂ ਵੀ ਭੈੜੀ ਭਾਜਪਾ ਤੋਂ ਬੇਇੱਜ਼ਤੀ ਦਾ ਬਦਲਾ ਲੈਣ, ਜਿਸ ਨੇ ਵਸਾਵਾ ਤੇ ਉਨ੍ਹਾ ਦੀ ਪਤਨੀ ਸ਼ਕੁੰਤਲਾ ਨੂੰ ਅੰਦਰ ਕਰਾਇਆ ਹੈ।

ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਚੈਤਰ ਵਸਾਵਾ ਨੂੰ ਭਾਜਪਾ ਸਰਕਾਰ ਨੇ ਆਦਿਵਾਸੀਆਂ ਅਤੇ ਗਰੀਬ ਲੋਕਾਂ ਲਈ ਲੜਨ ਲਈ ਜੇਲ੍ਹ ਵਿੱਚ ਡੱਕ ਦਿੱਤਾ ਹੈ, ਪਰ ਜੇਲ੍ਹ ਜਾਣ ਨਾਲ ਉਨ੍ਹਾ ਦਾ ਹੌਸਲਾ ਕਮਜੋਰ ਨਹੀਂ ਹੋਵੇਗਾ, ਸਗੋਂ ਉਹ ਹੋਰ ਮਜ਼ਬੂਤ ਹੋ ਕੇ ਬਾਹਰ ਆਉਣਗੇ। ਮਾਨ ਨੇ ਕਿਹਾ ਕਿ ਸਰਕਾਰਾਂ ਲਈ ਲੋਕਾਂ ਦੀ ਆਵਾਜ਼ ਉਠਾਉਣ ਵਾਲੇ ਆਗੂਆਂ ਨੂੰ ਜੇਲ੍ਹਾਂ ਵਿੱਚ ਡੱਕਣਾ ਕੋਈ ਨਵੀਂ ਗੱਲ ਨਹੀਂ। ਆਜ਼ਾਦੀ ਦੀ ਲੜਾਈ ਦੇ ਸਮੇਂ ਤੋਂ ਹੀ ਅਜਿਹਾ ਹੁੰਦਾ ਆ ਰਿਹਾ ਹੈ। ਜਿਹੜਾ ਵੀ ਆਮ ਲੋਕਾਂ ਲਈ ਲੜਦਾ ਹੈ ਅਤੇ ਲੋਕਾਂ ਨੂੰ ਲੁੱਟਣ ਵਾਲਿਆਂ ਵਿਰੁੱਧ ਆਵਾਜ਼ ਉਠਾਉਂਦਾ ਹੈ, ਉਸ ਨੂੰ ਜੇਲ੍ਹ ਜਾਣਾ ਪੈਂਦਾ ਹੈ।

ਉਹਨਾ ਕਿਹਾ ਕਿ ਜੇਕਰ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹ ਸਮਝਦੇ ਹਨ ਕਿ ਉਹ ਸਾਨੂੰ ਜੇਲ੍ਹ 'ਚ ਰੱਖ ਕੇ ਡਰਾ ਦੇਣਗੇ ਤਾਂ ਉਹ ਗਲਤਫਹਿਮੀ 'ਚ ਹਨ। ਉਹ ਕੁਝ ਵੀ ਕਰ ਲੈਣ, ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਦੇ ਆਗੂ ਉਨ੍ਹਾਂ ਤੋਂ ਡਰਨਗੇ ਨਹੀਂ।

ਕਾਂਗਰਸ ਨੇ ਸੂਬਾਈ ਚੋਣ ਕਮੇਟੀਆਂ ਬਣਾਈਆਂ

ਨਵੀਂ ਦਿੱਲੀ : ਕਾਂਗਰਸ ਨੇ ਲੋਕ ਸਭਾ ਚੋਣਾਂ ਲਈ ਰਾਜਸਥਾਨ, ਮੱਧ ਪ੍ਰਦੇਸ਼, ਕੇਰਲਾ, ਤਿਲੰਗਾਨਾ, ਛੱਤੀਸਗੜ੍ਹ, ਹਿਮਾਚਲ, ਨਾਗਾਲੈਂਡ, ਮਨੀਪੁਰ ਤੇ ਤ੍ਰਿਪੁਰਾ ਲਈ ਚੋਣ ਕਮੇਟੀਆਂ ਕਾਇਮ ਕਰ ਦਿੱਤੀਆਂ ਹਨ। ਰਾਜਸਥਾਨ ਕਮੇਟੀ ਦਾ ਚੇਅਰਮੈਨ ਸੂਬਾ ਪ੍ਰਧਾਨ ਗੋਵਿੰਦ ਸਿੰਘ ਡੋਟਾਸਰਾ ਨੂੰ ਬਣਾਇਆ ਗਿਆ ਹੈ। ਮੈਂਬਰਾਂ ਵਿਚ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੂੰ ਵੀ ਸ਼ਾਮਲ ਕੀਤਾ ਹੈ। ਕੇ ਸੁਧਾਕਰ ਨੂੰ ਕੇਰਲਾ, ਮੁੱਖ ਮੰਤਰੀ ਏ ਰੇਵੰਤ ਰੈੱਡੀ ਨੂੰ ਤਿਲੰਗਾਨਾ, ਸੂਬਾ ਪ੍ਰਧਾਨ ਪ੍ਰਤਿਭਾ ਸਿੰਘ ਨੂੰ ਹਿਮਾਚਲ, ਸੂਬਾ ਪ੍ਰਧਾਨ ਜੀਤੂ ਪਟਵਾਰੀ ਨੂੰ ਮੱਧ ਪ੍ਰਦੇਸ਼ ਦਾ ਚੇਅਰਮੈਨ ਬਣਾਇਆ ਗਿਆ ਹੈ। ਮੱਧ ਪ੍ਰਦੇਸ਼ ਵਿਚ ਜਤਿੰਦਰ ਸਿੰਘ ਦੀ ਅਗਵਾਈ ਵਿਚ ਸਿਆਸੀ ਮਾਮਲਿਆਂ ਦੀ ਕਮੇਟੀ ਵੀ ਬਣਾਈ ਗਈ ਹੈ। ਸੂਬਾ ਪ੍ਰਧਾਨ ਦੀਪਕ ਬੈਜ ਨੂੰ ਛੱਤੀਸਗੜ੍ਹ, ਕੇ ਮੇਘਚੰਦਰ ਸਿੰਘ ਨੂੰ ਮਨੀਪੁਰ, ਅਸੀਸ਼ ਕੁਮਾਰ ਸਾਹਾ ਨੂੰ ਤ੍ਰਿਪੁਰਾ ਤੇ ਐੱਸ ਸੁਪੋਂਗਮੇਰੇਨ ਨੂੰ ਨਾਗਾਲੈਂਡ ਦੀ ਚੋਣ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ।

ਸਮ੍ਰਿਤੀ ਈਰਾਨੀ ਜੱਦ੍ਹਾ 'ਚ

ਜੱਦ੍ਹਾ : ਘੱਟ ਗਿਣਤੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਸਮ੍ਰਿਤੀ ਈਰਾਨੀ ਹੱਜ ਸੰਮੇਲਨ 'ਚ ਹਿੱਸਾ ਲੈਣ ਅਤੇ ਭਾਰਤ ਤੇ ਸਾਊਦੀ ਅਰਬ ਵਿਚਾਲੇ ਹੱਜ ਸਮਝੌਤੇ 2024 'ਤੇ ਹਸਤਾਖਰ ਕਰਨ ਲਈ ਦੋ ਦਿਨਾ ਦੌਰੇ 'ਤੇ ਐਤਵਾਰ ਇਥੇ ਪਹੁੰਚੀ। ਰਾਜਦੂਤ ਡਾ. ਸੁਹੇਲ ਖਾਨ ਅਤੇ ਸਾਊਦੀ ਅਰਬ ਦੇ ਹੱਜ ਮੰਤਰਾਲੇ ਦੇ ਅਧਿਕਾਰੀਆਂ ਨੇ ਹਵਾਈ ਅੱਡੇ 'ਤੇ ਈਰਾਨੀ ਦਾ ਸਵਾਗਤ ਕੀਤਾ।

ਅਧਿਆਪਕ ਗ੍ਰਿਫਤਾਰ

ਮਾਨਪੁਰ : ਛੱਤੀਸਗੜ੍ਹ ਦੇ ਮੋਹਲਾ ਮਪਨੂਰ ਅੰਬਾਗੜ੍ਹ ਚੌਕੀ ਜ਼ਿਲ੍ਹੇ 'ਚ ਇਕ ਸਕੂਲ ਅਧਿਆਪਕ ਨੂੰ ਮਾਓਵਾਦੀ ਸਮਰਥਕ ਹੋਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰੀ ਤੋਂ ਨਾਰਾਜ਼ ਬੱਚਿਆਂ ਸਣੇ ਮਾਪਿਆਂ ਨੇ ਅਧਿਆਪਕ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਥਾਣੇ ਅੱਗੇ ਰੋਸ ਪ੍ਰਦਰਸ਼ਨ ਕੀਤਾ। ਇਕ ਅਧਿਕਾਰੀ ਨੇ ਦੱਸਿਆ ਕਿ ਰਾਮ ਲਾਲ ਨੁਰੇਟੀ ਨੂੰ ਸਨਿੱਚਰਵਾਰ ਨੂੰ ਮਦਨਵਾੜਾ ਥਾਣਾ ਖੇਤਰ ਅਧੀਨ ਆਉਂਦੇ ਕਾਰੇਕੱਟਾ ਪਿੰਡ ਤੋਂ ਗ੍ਰਿਫਤਾਰ ਕੀਤਾ ਗਿਆ। ਮੁਲਜ਼ਮ ਪਿਛਲੇ ਸਾਲ ਸਤੰਬਰ 'ਚ ਇਲਾਕੇ 'ਚ ਮਾਓਵਾਦੀਆਂ ਦੇ ਬੈਨਰ ਅਤੇ ਪੋਸਟਰ ਲਗਾਉਣ 'ਚ ਕਥਿਤ ਤੌਰ 'ਤੇ ਸ਼ਾਮਲ ਸੀ।

ਮਨਾਲੀ ਜਾਂਦਿਆਂ ਹਾਦਸੇ ਕਾਰਨ 2 ਮੌਤਾਂ

ਮੰਡੀ : ਜੈਪੁਰ ਤੋਂ ਮਨਾਲੀ ਜਾਂਦਿਆਂ ਚੰਡੀਗੜ੍ਹ-ਮਨਾਲੀ ਹਾਈਵੇ 'ਤੇ 7 ਮਾਈਲ ਵਿਖੇ ਐਤਵਾਰ ਸਵੇਰੇ ਕਾਰ ਨੂੰ ਪੇਸ਼ ਆਏ ਹਾਦਸੇ ਵਿਚ ਜੈਪੁਰ ਦੇ ਭੁਪਿੰਦਰ ਚੌਧਰੀ ਤੇ ਅਰਿਹੰਤ ਛਾਜਰੇ ਦੀ ਮੌਤ ਹੋ ਗਈ, ਜਦਕਿ ਲਕਸ਼ਮਣ ਗੰਭੀਰ ਜ਼ਖਮੀ ਹੋ ਗਿਆ। ਡਰਾਈਵਰ ਹੱਥੋਂ ਬੇਕਾਬੂ ਹੋ ਕੇ ਕਾਰ ਸੜਕ ਤੋਂ ਸਲਿੱਪ ਕਰਕੇ ਉਸਾਰੀ ਅਧੀਨ ਪੁਲ ਦੇ ਲੋਹੇ ਦੇ ਜੰਗਲੇ ਉੱਤੇ ਡਿੱਗੀ।

ਗੋਲੀਬਾਰੀ 'ਚ ਗਰਭਵਤੀ ਦੀ ਮੌਤ

ਡੀ ਐੱਸ ਪੀ ਦਫਤਰ ਅੱਗੇ ਲਾਸ਼ ਰੱਖ ਕੇ ਰੋਸ ਪ੍ਰਦਰਸ਼ਨ ਕਰਨ ਮੌਕੇ ਮ੍ਰਿਤਕ ਦੇ ਵਾਰਿਸ (ਇਨਸੈੱਟ) ਸੁਨੀਤਾ ਰਾਣੀ ਦੀ ਫਾਈਲ ਫੋਟੋ

ਪੱਟੀ (ਬਲਦੇਵ ਸਿੰਘ ਸੰਧੂ, ਸ਼ਮਸੇਰ ਸਿੰਘ ਯੋਧਾ)

ਵਾਰਡ ਨੰਬਰ 2 ਵਿੱਚ ਚੱਲੀ ਗੋਲੀ ਕਾਰਨ ਇੱਕ ਗਰਭਵਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕਾ ਸੁਨੀਤਾ ਰਾਣੀ ਦੇ ਪਤੀ ਰਾਜਾ ਸਿੰਘ ਨੇ ਦੱਸਿਆ ਕਿ 2 ਦਿਨ ਪਹਿਲਾਂ ਗੁਆ

8-JAN-PAGE-1.qxd 1/7/2024 9:30 PM Page 2

ਕਾਰਜਕਾਰੀ ਪ੍ਰਧਾਨ ਵੱਲੋਂ ਡਿਸਪੋਜ਼ਲ ਦਾ ਨਿਰੀਖਣ, ਕਰਮਚਾਰੀਆਂ ਦੀਆਂ ਸੁਣੀਆਂ ਮੁਸ਼ਕਲਾਂ

ਜਗਰਾਉਂ (ਅਮਿਤ ਖੰਨਾ)-ਨਗਰ ਕੌਂਸਲ ਜਗਰਾਉਂ ਦੇ ਕਾਰਜਕਾਰੀ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਵੱਲੋਂ ਸਥਾਨਕ ਡਿਸਪੋਜਲ ਦਾ ਨਿਰੀਖਣ ਕੀਤਾ ਗਿਆ ਤੇ ਉੱਥੇ ਮੌਜੂਦ ਕਰਮਚਾਰੀਆਂ ਨਾਲ ਦਰਪੇਸ਼ ਮੁਸ਼ਕਲਾਂ ਉੱਪਰ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਬੋਲਦਿਆਂ ਕਾਰਜਕਾਰੀ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਨੇ ਡਿਸਪੋਜਲ ਦੇ ਸਮੂਹ ਕਰਮਚਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਦਾ ਜਲਦੀ ਹੀ ਹੱਲ ਕੀਤਾ ਜਾਵੇਗਾ। ਕਿਸੇ ਵੀ ਕਰਮਚਾਰੀ ਨੂੰ ਕਿਸੇ ਤਰ੍ਹਾਂ ਦੀ ਵੀ ਕੋਈ ਔਕੜ ਆਉਂਦੀ ਹੈ ਤਾਂ ਉਹ ਸਿੱਧਾ ਉਨ੍ਹਾਂ ਦੇ ਦਫਤਰ ਆ ਕੇ ਸੰਪਰਕ ਕਰ ਸਕਦਾ ਹੈ। ਉਨ੍ਹਾ ਕਿਹਾ ਕਿ ਕਿਸੇ ਵੀ ਕਰਮਚਾਰੀ ਨੂੰ ਕਿਸੇ ਤਰ੍ਹਾਂ ਦੀ ਵੀ ਕੋਈ ਤਕਲੀਫ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਪ੍ਰਧਾਨ ਸਾਮ ਲਾਲ ਚੰਡਿਆਲ, ਲਖਬੀਰ ਸਿੰਘ, ਦਲਵਿੰਦਰ ਸਿੰਘ ਸੋਨੀ, ਪਵਨ ਕੁਮਾਰ, ਅਸੀਸ ਪਾਂਡੇ ਤੇ ਸੰਜੀਵ ਕੁਮਾਰ ਹਾਜ਼ਰ ਸਨ।

ਜੁਝਾਰੂ ਸਾਥੀ ਬਲਿੰਦਰ ਪ੍ਰਸ਼ਾਦ ਲਾਈਨਮੈਨ ਦਾ ਸਨਮਾਨ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਜੁਝਾਰੂ ਸਾਥੀ ਬਲਿੰਦਰ ਪ੍ਰਸ਼ਾਦ ਲਾਈਨਮੈਨ ਦਾ ਜਥੇਬੰਦੀ, ਸਮੂਹ ਸਟਾਫ ਵੱਲੋਂ ਸਨਮਾਨ ਕੀਤਾ ਗਿਆ।ਸਾਥੀ ਕੁਲਵੀਰ ਸਿੰਘ ਔਲਖ ਨੇ ਸਾਥੀ ਬਲਿੰਦਰ ਪ੍ਰਸ਼ਾਦ ਦੇ ਜੀਵਨ ਝਾਤ ਉੱਪਰ ਨਿਗਾਹ ਮਾਰਦਾ ਸਨਮਾਨ ਪੱਤਰ ਪੜ੍ਹਦਿਆਂ ਕਿਹਾ ਕਿ ਸਾਥੀ ਬਲਿੰਦਰ ਪ੍ਰਸ਼ਾਦ ਇੱਕ ਸੂਝ-ਬੂਝ ਰੱਖਣ ਵਾਲਾ ਪਾਵਰਕੌਮ ਦਾ ਸਿਰੜੀ ਕਾਮਾ ਹੈ। ਅਧਰੰਗ ਦੇ ਵਾਰ-ਵਾਰ ਅਟੈਕ ਹੋਣ ਤੋਂ ਬਾਅਦ ਪੂਰੀ ਸਾਂਭ ਸੰਭਾਲ ਦਾ ਜ਼ਿੰਮਾ ਸਾਥੀ ਬਲਿੰਦਰ ਪ੍ਰਸ਼ਾਦ ਦੀ ਜੀਵਨ ਸਾਥਣ ਬਾਖੂਬੀ ਨਿਭਾਉਣ ਵਜੋਂ ਮਾਣ ਸਨਮਾਨ ਦੀ ਹੱਕਦਾਰ ਹੈ।ਸਾਥੀ ਨਰਾਇਣ ਦੱਤ, ਸਾਥੀ ਰਾਜ ਪਤੀ ਨੇ ਕਿਹਾ ਕਿ ਸਾਥੀ ਬਲਿੰਦਰ ਪ੍ਰਸ਼ਾਦ ਨੇ ਆਪਣੇ ਆਪ ਨੂੰ ਬਿਜਲੀ ਕਾਮਿਆਂ ਦੀ ਜਥੇਬੰਦੀ ਟੈਕਨੀਕਲ ਸਰਵਿਸਿਜ਼ ਯੂਨੀਅਨ (ਰਜਿ.) ਤੱਕ ਸੀਮਤ ਨਹੀਂ ਰੱਖਿਆ, ਸਗੋਂ ਸਮਾਜਿਕ ਜਬਰ ਖਿਲਾਫ ਘੋਲਾਂ ਵਿੱਚ ਬਣਦਾ ਹਿੱਸਾ ਪਾਇਆ ਹੈ।ਜਸਵਿੰਦਰ ਸਿੰਘ ਚੰਨਣਵਾਲ ਨੇ ਕਿਹਾ ਕਿ ਜਥੇਬੰਦਕ ਸਰਗਰਮੀਆਂ ਦੇ ਨਾਲ-ਨਾਲ ਸਾਥੀ ਬਲਿੰਦਰ ਪ੍ਰਸ਼ਾਦ ਨੂੰ ਪਾਵਰਕੌਮ ਵਿੱਚ ਗਰਿੱਡ ਉੱਪਰ ਕੰਮ ਕਰਨ ਦੀ ਵਿਸ਼ੇਸ਼ ਮੁਹਾਰਤ ਹਾਸਲ ਸੀ।ਇਸ ਸਮੇਂ ਗੁਰਪ੍ਰੀਤ ਸਿੰਘ, ਨਿਰਮਲ ਸਿੰਘ, ਸਿਕੰਦਰ ਸਿੰਘ, ਅਜਮੇਰ ਸਿੰਘ, ਇੰਜ ਬਲਜੀਤ ਸਿੰਘ ਆਦਿ ਦੀ ਅਗਵਾਈ ਹੇਠ ਸਾਥੀ ਬਲਿੰਦਰ ਪ੍ਰਸ਼ਾਦ ਤੇ ਉਸ ਦੀ ਪਤਨੀ ਲਕਸ਼ਮੀ ਦੇਵੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

ਜਲਾਲਾਬਾਦ (ਜੀਤ ਕੁਮਾਰ)-ਕਲਗੀਧਰ ਦਸ਼ਮੇਸ਼ ਪਿਤਾ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸ਼ੁੱਕਰਵਾਰ ਨੂੰ ਸਥਾਨਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸੰਗਤਾਂ ਵੱਲੋਂ ਮਨਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ 'ਚ ਸੰਗਤਾਂ ਨੇ ਸ਼ਿਰਕਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ ਗੁਰੂ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸਵੇਰੇ ਸਾਢੇ 9 ਵਜੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਇਸ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ, ਜਿਸ ਵਿੱਚ ਢਾਡੀ ਸੁਖਦੇਵ ਸਿੰਘ ਚਮਕਾਰਾ ਤੇ ਹੋਰ ਜੱਥਿਆਂ ਨੇ ਹਾਜ਼ਰੀਆਂ ਭਰੀਆਂ ਤੇ ਗੁਰਬਾਣੀ ਵਿਚਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਸ਼ੇਰ ਸਿੰਘ, ਪ੍ਰਧਾਨ ਪ੍ਰਤਾਪ ਸਿੰਘ ਖ਼ਾਲਸਾ, ਮੀਤ ਪ੍ਰਧਾਨ ਸੁਰਿੰਦਰ ਸਿੰਘ, ਸਕੱਤਰ ਜਤਿੰਦਰ ਸਿੰਘ, ਇੰਦਰਜੀਤ ਸਿੰਘ, ਗੁਰਦੀਪ ਸਿੰਘ, ਸੰਪੂਰਨ ਸਿੰਘ, ਗੁਰਦਿਆਲ ਸਿੰਘ, ਸੁਖਪ੍ਰੀਤ ਸਿੰਘ, ਸੁਰਜੀਤ ਸਿੰਘ, ਚਰਨਜੀਤ ਸਿੰਘ, ਪੂਰਨ ਸਿੰਘ, ਤਰਲੋਚਨ ਸਿੰਘ, ਹਰਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਜਸਵਿੰਦਰ ਸਿੰਘ, ਮੈਨੇਜਰ ਅਤਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਮੇਲਾ ਮਾਘੀ ਦੇ ਮੱਦੇਨਜ਼ਰ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਦਾ ਕੀਤਾ ਜਾ ਰਿਹਾ ਸੁੰਦਰੀਕਰਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)-ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਡਾ. ਰੂਹੀ ਦੁੱਗ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਚਾਲੀ ਮੁਕਤਿਆਂ ਦੀ ਯਾਦ ਵਿੱਚ ਲੱਗਣ ਵਾਲੇ ਪਵਿੱਤਰ ਅਤੇ ਇਤਿਹਾਸਕ ਮੇਲਾ ਮਾਘੀ ਦੇ ਸਬੰਧੀ ਸ਼ਹਿਰ ਵਿੱਚ ਸਫਾਈ ਕਰਨ ਲਈ ਵੱਖ-ਵੱਖ ਵਿਭਾਗਾਂ ਵੱਲੋਂ ਲਗਾਤਾਰ ਉਪਰਾਲੇ ਜਾਰੀ ਹਨ। ਇਸੇ ਲੜੀ ਤਹਿਤ ਅੱਜ ਸ਼ਹਿਰ ਦੇ ਬਾਜ਼ਾਰਾਂ ਵਿੱਚ ਵੱਖ-ਵੱਖ ਥਾਵਾਂ 'ਤੇ ਨਗਰ ਕੌਂਸਲ ਵੱਲੋਂ ਸਫਾਈ ਅਭਿਆਨ ਚਲਾਇਆ ਜਾ ਰਿਹਾ ਹੈ ਅਤੇ ਸ਼ਹਿਰ ਦਾ ਸੁੰਦਰੀਕਰਨ ਕੀਤਾ ਜਾ ਰਿਹਾ ਹੈ।ਇਸ ਮੌਕੇ ਕਾਰਜ ਸਾਧਕ ਅਫ਼ਸਰ ਰਜਨੀਸ਼ ਗਿਰਧਰ ਨੇ ਦੱਸਿਆ ਕਿ ਸ਼ਹਿਰ ਦੇ ਬਜ਼ਾਰਾਂ ਵਿੱਚ ਜਿੱਥੇ ਸਫ਼ਾਈ ਦਾ ਕੰਮ ਪੂਰੇ ਜ਼ੋਰਾਂ 'ਤੇ ਹੈ, ਉੱਥੇ ਨਾਲ ਹੀ ਬਜ਼ਾਰਾਂ ਵਿੱਚੋਂ ਨਜਾਇਜ਼ ਆਰਜ਼ੀ ਕਬਜ਼ੇ ਵੀ ਹਟਵਾਏ ਜਾ ਰਹੇ ਹਨ ਅਤੇ ਬਿਜਲੀ ਦੇ ਖੰਭਿਆਂ 'ਤੇ ਲੱਗੇ ਨਜਾਇਜ਼ ਫਲੈਕਸ ਹੋਰਡਿੰਗ ਨੂੰ ਵੀ ਹਟਾਏ ਜਾ ਰਹੇ ਹਨ। ਉਨ੍ਹਾ ਦੱਸਿਆ ਕਿ ਸ਼ਹਿਰ ਦੀਆਂ ਸੜਕਾਂ ਦੇ ਨਾਲ-ਨਾਲ ਚੌਕਾਂ ਦੀ ਸਫਾਈ ਕਰਨ ਦੇ ਨਾਲ-ਨਾਲ ਇਨ੍ਹਾਂ ਨੂੰ ਰੰਗ ਰੋਗਨ ਕਰਕੇ ਇਨ੍ਹਾਂ ਦਾ ਸੁੰਦਰੀਕਰਨ ਵੀ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਸਫਾਈ ਮੁਹਿੰਮ ਵਿੱਚ ਸਹਿਯੋਗ ਕਰਨ ਤਾਂ ਜੋ ਮਾਘੀ ਤੋਂ ਪਹਿਲਾਂ ਇਸ ਪਵਿੱਤਰ ਸ਼ਹਿਰ ਨੂੰ ਹੋਰ ਵੀ ਸਾਫ ਸੁਥਰਾ ਕੀਤਾ ਜਾ ਸਕੇ ਅਤੇ ਰੇੜ੍ਹੀ-ਫੜ੍ਹੀ ਅਤੇ ਦੁਕਾਨਦਾਰਾਂ ਨੂੰ ਵੀ ਅਪੀਲ ਕੀਤੀ ਕਿ ਆਪਣਾ ਨਜਾਇਜ਼ ਸਮਾਨ ਸੜਕ 'ਤੇ ਰੱਖ ਕੇ ਆਵਾਜਾਈ ਦੇ ਰਸਤਿਆਂ ਵਿੱਚ ਵਿਘਨ ਨਾ ਪਾਇਆ ਜਾਵੇ।

ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਆਨੰਦਪੁਰ ਸਾਹਿਬ ਦੇ ਦਰਸ਼ਨਾਂ ਲਈ ਬੱਸ ਰਵਾਨਾ

ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਨਾਭਾ ਤੋਂ 43 ਸ਼ਰਧਾਲੂਆਂ ਦੀ ਬੱਸ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਸ੍ਰੀ ਆਨੰਦਪੁਰ ਸਾਹਿਬ ਲਈ ਰਵਾਨਾ।ਇਸ ਬੱਸ ਨੂੰ ਹਲਕੇ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ।ਇਸ ਬੱਸ ਵਿੱਚ 43 ਸ਼ਰਧਾਲੂ ਧਾਰਮਿਕ ਸਥਾਨ ਦੇ ਦਰਸ਼ਨਾਂ ਲਈ ਗਏ ਹਨ।ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵੱਲੋਂ ਸਮਾਜ ਦੇ ਵੱਖ-ਵੱਖ ਵਰਗਾਂ ਦੇ ਹਿੱਤ ਲਈ ਯੋਜਨਾਵਾਂ ਬਣਾ ਕੇ ਲਾਗੂ ਕੀਤੀਆਂ ਜਾ ਰਹੀਆਂ ਹਨ।ਉਨ੍ਹਾ ਆਖਿਆ ਕਿ ਬਹੁਤ ਸਾਰੇ ਕਾਰਨਾਂ ਕਰਕੇ ਕੁਝ ਲੋਕ ਧਾਰਮਿਕ ਸਥਾਨਾਂ ਦੀ ਯਾਤਰਾ ਨਹੀਂ ਕਰ ਸਕਦੇ ਪਰ ਪੰਜਾਬ ਸਰਕਾਰ ਦੇ ਇਸ ਉਪਰਾਲੇ ਨਾਲ ਅਜਿਹੇ ਲੋਕ ਆਪਣੇ ਧਾਰਮਿਕ ਸਥਾਨਾਂ 'ਤੇ ਸ਼ਰਧਾ ਨਾਲ ਜਾ ਸਕਣਗੇ।ਇਸ ਮੌਕੇ ਸ਼ਰਧਾਲੂਆਂ ਨੂੰ ਯਾਤਰਾ ਕਿੱਟ ਵੀ ਦਿੱਤੀ ਗਈ।ਇਸ ਮੌਕੇ ਉਨ੍ਹਾ ਨਾਲ ਤੇਜਿੰਦਰ ਸਿੰਘ ਖਹਿਰਾ, ਮਾਸਟਰ ਅਮਰੀਕ ਸਿੰਘ, ਅਮਨਦੀਪ ਸਿੰਘ ਰਹਿਲ ਪ੍ਰਧਾਨ ਟਰੱਕ ਯੂਨੀਅਨ ਨਾਭਾ, ਮਾਸਟਰ ਕੁਲਵੰਤ ਸਿੰਘ, ਭੁਪਿੰਦਰ ਸਿੰਘ ਕੱਲਰ ਮਾਜਰੀ, ਰਾਮ ਕ੍ਰਿਸ਼ਨ ਭੱਲਾ, ਜਸਵੀਰ ਸਿੰਘ ਵਜੀਦਪੁਰ, ਮਾਨਟੂ ਪਹੂਜਾ, ਗੌਤਮ ਬਾਤਿਸ਼ ਕੌਂਸਲਰ, ਗੁਰਜੰਟ ਸਿੰਘ ਅੱਚਲ ਅਤੇ ਹੋਰ ਅਹੁਦੇਦਾਰ ਮੌਜੂਦ ਸਨ।

ਪੁਰੇਵਾਲ ਮੈਮੋਰੀਅਲ ਚੈਰੀਟੇਬਲ ਕਲੱਬ ਵੱਲੋਂ ਅੱਖਾਂ ਦਾ ਫ੍ਰੀ ਚੈਕਅੱਪ ਕੈਂਪ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਬੱਡੂਵਾਲਾ ਵਿਖੇ ਉਘੇ ਸਮਾਜ ਸੇਵੀ ਪੁਰੇਵਾਲ ਪਰਵਾਰ ਵੱਲੋਂ ਜਿੱਥੇ ਪਿੰਡ ਦੇ ਲੋੜਵੰਦ ਪਰਵਾਰਾਂ ਦੀ ਸਮੇਂ ਸਮੇਂ ਮਦਦ ਕੀਤੀ ਜਾਂਦੀ ਹੈ, ਉਥੇ ਹਰ ਸਾਲ ਗੁਰਦੇਵ ਸਿੰਘ ਪੁਰੇਵਾਲ ਮੈਮੋਰੀਅਲ ਚੈਰੀਟੇਬਲ ਕਲੱਬ ਵੱਲੋਂ ਪਿੰਡ 'ਚ ਅੱਖਾਂ ਦੀ ਫ੍ਰੀ ਚੈਕਅੱਪ ਕੈਂਪ ਲਗਾਇਆ ਜਾਂਦਾ ਹੈ।

ਕੈਂਪ ਸਬੰਧੀ ਰਛਪਾਲ ਸਿੰਘ ਪੁਰੇਵਾਲ, ਪਾਲ ਸਿੰਘ ਪੁਰੇਵਾਲ, ਡਾ. ਸਤਭਾਗ ਸਿੰਘ ਕਲੱਬ ਪ੍ਰਧਾਨ ਅਤੇ ਸਰਪੰਚ ਅਵਤਾਰ ਸਿੰਘ ਨੇ ਦੱਸਿਆ ਕਿ ਕਲੱਬ ਵੱਲੋਂ 6 ਜਨਵਰੀ ਨੂੰ ਪਿੰਡ ਬੱਡੂਵਾਲਾ ਵਿਖੇ ਅੱਖਾਂ ਦਾ ਫ੍ਰੀ ਚੈਕਅੱਪ ਕੈਂਪ ਲਗਾਇਆ ਗਿਆ।ਜਿਸ ਵਿਚ ਅੱਖਾਂ ਦੇ ਮਸ਼ਹੂਰ ਡਾਕਟਰ ਮਹਿੰਦਰਪਾਲ ਸ਼ਰਮਾ (ਬੁੱਟਰ ਵਾਲੇ) ਵੱਲੋਂ ਅੱਖਾਂ ਦਾ ਫਰੀ ਚੈਕਅੱਪ ਕੀਤਾ ਗਿਆ ਅਤੇ ਲੋੜਵੰਦ ਮਰੀਜ਼ਾਂ ਦੇ ਫ੍ਰੀ ਅਪ੍ਰੇਸ਼ਨ ਵੀ ਕੀਤੇ। ਉਨ੍ਹਾ ਦੱਸਿਆ ਕਿ ਕੈਂਪ ਦੌਰਾਨ ਮਰੀਜ਼ਾਂ ਨੂੰ ਦਵਾਈ ਅਤੇ ਐਨਕਾਂ ਵੀ ਫ੍ਰੀ ਦਿੱਤੀਆਂ ਗਈਆਂ। ਇਹ ਕੈਂਪ ਸਵੇਰੇ 9 ਵਜੇ ਤੋਂ 2 ਵਜੇ ਤੱਕ ਗੁਰਦੁਆਰਾ ਅਕਾਲਗੜ੍ਹ ਸਾਹਿਬ ਵਿਖੇ ਲਗਾਇਆ ਗਿਆ। ਸੰਗਤਾਂ ਲਈ ਲੰਗਰ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵਿਖੇ ਕੀਤਾ ਗਿਆ।

ਮੁਸਲਮਾਨ ਸਮਾਜ ਸੁਧਾਰ ਕਮੇਟੀ ਦੀ ਇਕੱਤਰਤਾ

ਭਗਤਾ ਭਾਈ ਕਾ (ਰਾਜੀਵ ਗੋਇਲ)-ਸਥਾਨਕ ਸ਼ਹਿਰ ਦੀ ਮਸਜਿਦ ਵਿਖੇ ਮੁਸਲਮਾਨ ਸਮਾਜ ਸੁਧਾਰ ਕਮੇਟੀ ਹਲਕਾ ਭਗਤਾ ਦੀ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਹਲਕੇ ਦੇ ਸਮੂਹ ਮੁਸਲਿਮ ਭਾਈਚਾਰੇ ਨਾਲ ਸੰਬੰਧਤ ਲੋਕਾਂ ਵੱਲੋਂ ਸ਼ਿਰਕਤ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਬਾਗਅਲੀ ਹਮੀਰਗੜ੍ਹੀਆ ਤੇ ਡਾ. ਸੋਮ ਖਾਨ ਕੋਠਾਗੁਰੂ ਵੱਲੋਂ ਕੀਤੀ ਗਈ। ਇਸ ਮੀਟਿੰਗ ਵਿੱਚ ਭਾਈਚਾਰੇ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾਂ ਤੇ ਆਉਂਦੀਆਂ ਚੋਣਾਂ ਨੂੰ ਲੈ ਕੇ ਵਿਸ਼ੇਸ਼ ਚਰਚਾ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਕਮੇਟੀ ਆਗੂ ਡਾ. ਸੋਮ ਖਾਨ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਸੰਬੰਧਤ ਭਾਈਚਾਰੇ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ ਤੇ ਆਉਣ ਵਾਲੇ ਸਮੇਂ ਵਿੱਚ ਕਮੇਟੀ ਵੱਲੋਂ ਕੀਤੇ ਜਾ ਰਹੇ ਸਮਾਜਸੇਵੀ ਕੰਮਾਂ ਨੂੰ ਲੈ ਕੇ ਚਰਚਾ ਕੀਤੀ ਗਈ। ਉਨ੍ਹਾ ਦੱਸਿਆ ਕਿ ਸਾਡੇ ਭਾਈਚਾਰੇ ਦੇ ਲੋਕ ਇੱਕ ਹਨ, ਇਸ ਲਈ ਆਉਂਦੀਆਂ ਚੋਣਾਂ ਵਿੱਚ ਇੱਕਜੁੱਟ ਹੋ ਕੇ ਹੀ ਫੈਸਲਾ ਲਿਆ ਜਾਵੇਗਾ। ਇਸ ਮੌਕੇ ਪ੍ਰਧਾਨ ਬਾਗਅਲੀ, ਡਾ. ਸੋਮਖਾਨ ਸਮੇਤ ਹਲਕੇ ਦੇ ਸਮੂਹ ਭਾਈਚਾਰੇ ਦੇ ਲੋਕ ਸ਼ਾਮਲ ਸਨ।

ਬਾਬਾ ਨੰਦ ਸਿੰਘ ਸੇਵਾ ਸੁਸਾਇਟੀ ਦਾ ਜਥਾ ਸਰਹੰਦ ਲਈ ਰਵਾਨਾ

ਕੋਟ ਈਸੇ ਖਾਂ (ਅਰੋੜਾ)-ਪਿੰਡ ਲੋਹਾਰਾ ਤੋਂ ਧੰਨ ਧੰਨ ਬਾਬਾ ਨੰਦ ਸਿੰਘ ਸੇਵਾ ਸੁਸਾਇਟੀ ਝਾੜੂ ਵਾਲੇ ਸੇਵਾਦਾਰਾਂ ਦਾ ਜਥਾ ਸਰਹੰਦ ਗੁਰੂ ਘਰਾਂ ਦੇ ਦਰਸ਼ਨ ਦੀਦਾਰੇ ਲਈ ਰਵਾਨਾ ਹੋਇਆ। ਇਸ ਮੌਕੇ ਬਾਬਾ ਨੰਦ ਸਿੰਘ ਸੇਵਾ ਸੁਸਾਇਟੀ ਝਾੜੂ ਵਾਲੇ ਸੇਵਾਦਾਰ ਦਿਲਬਾਗ ਸਿੰਘ ਨੇ ਦੱਸਿਆ ਕਿ ਇਹ ਜਥਾ ਪਰਵਾਰਾਂ ਸਮੇਤ ਜਾ ਰਿਹਾ ਹੈ, ਜੋ ਸਰਹੰਦ ਤੇ ਚਮਕੌਰ ਸਾਹਿਬ ਅਤੇ ਹੋਰ ਗੁਰੂ ਘਰਾਂ ਦੇ ਦਰਸ਼ਨ ਦੀਦਾਰੇ ਕਰੇਗਾ। ਇਸ ਮੌਕੇ ਸੇਵਾਦਾਰਾਂ ਨੇ ਕਿਹਾ ਕਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਰਬੰਸਦਾਨੀ, ਜਿਨ੍ਹਾਂ ਨੇ ਆਪਣੀ ਕੌਮ ਦੀ ਖਾਤਰ ਸਾਰਾ ਪਰਵਾਰ ਵਾਰਿਆ, ਉਨ੍ਹਾਂ ਦੀ ਲਸਾਨੀ ਸ਼ਹਾਦਤ ਨੂੰ ਯਾਦ ਕਰਾਉਂਦਾ ਪੋਹ ਦਾ ਮਹੀਨਾ ਅਸੀਂ ਆਪਣੇ ਬੱਚਿਆਂ ਸਮੇਤ ਇਨ੍ਹਾਂ ਗੁਰੂ ਧਾਮਾਂ ਦੇ ਦਰਸ਼ਨ ਦੀਦਾਰੇ ਕਰਨ ਲਈ ਜਾ ਰਹੇ ਹਾਂ ਤਾਂ ਜੋ ਅਸੀਂ ਆਪਣੇ ਬੱਚਿਆਂ ਨੂੰ ਇਤਿਹਾਸ ਤੋਂ ਜਾਣੂ ਕਰਵਾ ਸਕੀਏ। ਇਸ ਮੌਕੇ ਸੁਰਜੀਤ ਸਿੰਘ ਲੋਹਾਰਾ, ਚਮਕੌਰ ਸਿੰਘ ਸੰਘਾ ਸਾਬਕਾ ਪ੍ਰਧਾਨ, ਅਵਤਾਰ ਸਿੰਘ ਪ੍ਰਧਾਨ, ਬਲਕਾਰ ਸਿੰਘ ਜੌਹਲ, ਬੂਟਾ ਸਿੰਘ, ਕਾਲਾ ਸਿੰਘ, ਬੁੱਧ ਸਿੰਘ, ਗੁਰਮੀਤ ਸਿੰਘ ਪੇਂਟਰ, ਗਗਨਦੀਪ ਸਿੰਘ, ਪ੍ਰਭਜੋਤ ਸਿੰਘ ਤੇ ਹੋਰ ਵੀ ਸੇਵਾਦਾਰ ਹਾਜ਼ਰ ਸਨ।

ਕਾਮਰੇਡ ਨਛੱਤਰ ਪਾਲ ਸਿੰਘ ਸੰਧੂ ਵਿਛੋੜਾ ਦੇ ਗਏ

ਕਾਮਰੇਡ ਨਛੱਤਰ ਪਾਲ ਸਿੰਘ ਸੰਧੂ (ਸੱਜੇ) ਨਾਲ ਕੁਝ ਸਮਾਂ ਪਹਿਲਾਂ ਕੀਤੀ ਗੱਲਬਾਤ ਦੌਰਾਨ ਕਾਮਰੇਡ ਪ੍ਰਿਥੀਪਾਲ ਮਾੜੀਮੇਘਾ।

ਹੁਸ਼ਿਆਰਪੁਰ : ਸੀ ਪੀ ਆਈ ਦੇ ਸਿਰਕੱਢ ਆਗੂਆਂ 'ਚੋਂ ਇਕ ਕਾਮਰੇਡ ਨਛੱਤਰ ਪਾਲ ਸਿੰਘ ਸੰਧੂ ਦੀ ਅਚਾਨਕ ਮੌਤ ਹ�و ਗਈ। ਉਨ੍ਹਾ ਦਾ ਪਿਛਲਾ ਪਿੰਡ ਵਲਟੋਹਾ ਸੀ

8-JAN-PAGE-3.qxd 1/7/2024 9:40 PM Page 1

ਮਾਤਾ ਚਿੰਤਪੁਰਨੀ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਾਤਾ ਚਿੰਤਪੁਰਨੀ ਦੇ ਦਰਸ਼ਨਾਂ ਲਈ ਤਰਨਤਾਰਨੋਂ ਸ਼ਰਧਾਲੂਆਂ ਦੀ ਬੱਸ ਰਵਾਨਾ ਹੋਈ। ਸੰਚਾਲਕ ਵਿਜੇ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਤਰਨ ਤਾਰਨ ਤੋਂ ਹਰ ਮਹੀਨੇ ਦੇ ਪਹਿਲੇ ਦੋ ਐਤਵਾਰ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਘੱਟ ਖਰਚੇ 'ਤੇ ਸੰਗਤਾਂ ਨੂੰ ਸ਼ੋਭਾ ਯਾਤਰਾ ਬੱਸ ਸੇਵਾ ਰਾਹੀਂ ਦਰਸ਼ਨ ਕਰਵਾਏ ਜਾਂਦੇ ਹਨ। ਇਸ ਵਾਰ ਵੀ ਨਵੇਂ ਸਾਲ ਦੀ ਖੁਸ਼ੀ ਵਿੱਚ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਇਹ ਫਰੀ ਸੇਵਾ ਨਿਭਾਈ ਗਈ ਹੈ। ਜ਼ਿਕਰਯੋਗ ਹੈ ਕਿ ਸੰਗਤਾਂ ਨੂੰ ਰਸਤੇ ਵਿੱਚ ਲੰਗਰ ਵੀ ਛਕਾਇਆ ਜਾਂਦਾ ਹੈ ਅਤੇ ਰਹਿਣ ਦੀਆਂ ਸੁੱਖ ਸਹੂਲਤਾਂ ਵੀ ਦਿੱਤੀਆਂ ਜਾਂਦੀਆਂ ਹਨ। ਸੰਗਤਾਂ ਹਮੇਸ਼ਾ ਇਸ ਯਾਤਰਾ ਲਈ ਭਾਰੀ ਉਤਸ਼ਾਹ ਅਤੇ ਸ਼ਰਧਾ ਦਾ ਪ੍ਰਗਟਾਵਾ ਕਰਦੀਆਂ ਹਨ।

ਮਾਲ ਵਿਭਾਗ ਵੱਲੋਂ ਲਗਾਏ ਸਪੈਸ਼ਲ ਕੈਂਪ ਦੌਰਾਨ 2806 ਇੰਤਕਾਲ ਦਰਜ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇੱਕੋ ਥਾਂ 'ਤੇ ਲੋਕਾਂ ਦੇ ਸਰਕਾਰੀ ਵਿਭਾਗਾਂ ਨਾਲ ਸਬੰਧਿਤ ਕੰਮਾਂ ਦਾ ਨਿਪਟਾਰਾ ਕਰਨ ਲਈ ਯਤਨਸ਼ੀਲ ਹੈ। ਇਸੇ ਮਕਸਦ ਤਹਿਤ ਅੱਜ ਮਾਲ ਵਿਭਾਗ ਵੱਲੋਂ ਸੂਬੇ ਭਰ ਵਿੱਚ ਲੋਕਾਂ ਦੇ ਪੈਂਡਿੰਗ ਇੰਤਕਾਲ ਦਰਜ ਕਰਨ ਲਈ ਵਿਸ਼ੇਸ਼ ਕੈਂਪ ਲਗਾਏ ਗਏ ਸਨ ਜਿਸ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਤਹਿਸੀਲ ਦਫਤਰਾਂ ਅਤੇ ਸਬ-ਤਹਿਸੀਲ ਦਫਤਰਾਂ ਵਿੱਚ ਵੀ ਇਹ ਵਿਸ਼ੇਸ਼ ਕੈਂਪ ਲਗਾਏ ਗਏ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਇਨ੍ਹਾਂ ਕੈਂਪਾਂ ਦਾ ਨਿਰੀਖਣ ਕੀਤਾ ਗਿਆ ਅਤੇ ਨਾਲ ਹੀ ਕੈਂਪ ਵਿੱਚ ਆਏ ਲੋਕਾਂ ਨਾਲ ਗੱਲਬਾਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਅੱਜ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਤਹਿਸੀਲ ਦਫਤਰਾਂ ਅਤੇ ਸਬ-ਤਹਿਸੀਲ ਦਫਤਰਾਂ ਵਿਖੇ ਵਿਸ਼ੇਸ਼ ਕੈਂਪ ਲਗਾਏ ਗਏ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ 486 ਵਿਅਕਤੀਆਂ ਵੱਲੋਂ ਪਹੁੰਚ ਕੀਤੀ ਗਈ ਸੀ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਵੱਲੋਂ ਵਿਸ਼ੇਸ਼ ਕੈਂਪ ਦੌਰਾਨ 2806 ਇੰਤਕਾਲ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਨਿਰਦੇਸਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਦੀ ਸੇਵਾ ਵਿੱਚ ਹਰ ਸਮੇਂ ਹਾਜ਼ਰ ਹੈ।

31 ਮਾਰਚ ਤੱਕ ਇੰਤਕਾਲ ਅਤੇ ਤਕਸੀਮ ਦੇ ਮਾਮਲੇ ਹੱਲ ਹੋਣਗੇ : ਧਾਲੀਵਾਲ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)—ਮਾਲ ਵਿਭਾਗ ਨੇ ਛੁੱਟੀ ਵਾਲੇ ਦਿਨ ਪੰਜਾਬ ਭਰ ਵਿੱਚ ਵਿਸ਼ੇਸ਼ ਕੈਂਪ ਲਗਾ ਕੇ ਲੰਬਿਤ ਪਏ ਇੰਤਕਾਲ ਦਰਜ ਕਰਨ ਦੀ ਨਿਵੇਕਲੀ ਮੁਹਿੰਮ ਵਿੱਢੀ ਹੈ, ਇਹ ਵਧੀਆ ਕਦਮ ਹੈ ।ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਵਿਖੇ ਮਾਲ ਵਿਭਾਗ ਵੱਲੋਂ ਲਗਾਏ ਗਏ ਵਿਸ਼ੇਸ਼ ਕੈਂਪ ਦਾ ਦੌਰਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਦੀ ਇੱਛਾ ਹੈ ਕਿ 31 ਮਾਰਚ ਤੱਕ ਬਕਾਇਆ ਪਏ ਇੰਤਕਾਲ ਅਤੇ ਤਕਸੀਮ ਦੇ ਸਾਰੇ ਮਸਲੇ ਹੱਲ ਕਰ ਦਿੱਤੇ ਜਾਣ । ਉਨ੍ਹਾਂ ਨੇ ਲੋਕਾਂ ਨੂੰ ਇਸ ਵਿਸ਼ੇਸ਼ ਕੈਂਪ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ ।ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਕੈਂਪ ਦੌਰਾਨ ਸਾਰੇ ਲੰਬਿਤ ਇੰਤਕਾਲ ਮੌਕੇ ਉਤੇ ਹੀ ਦਰਜ ਕਰਨ ਲਈ ਅਧਿਕਾਰੀਆਂ ਨੂੰ ਪਹਿਲਾਂ ਹੀ ਆਦੇਸ਼ ਦਿੱਤੇ ਜਾ ਚੁੱਕੇ ਹਨ ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਧਾਲੀਵਾਲ ਨੇ ਕਿਹਾ ਕਿ ਸਰਕਾਰ ਲੰਬਿਤ ਇੰਤਕਾਲਾਂ ਦੇ ਨਿਬੇੜੇ ਦੇ ਕੰਮ ਉਤੇ ਲਗਾਤਾਰ ਨਿਗਰਾਨੀ ਰੱਖ ਰਹੀ ਹੈ ਤਾਂ ਜੋ ਇਹ ਕੰਮ ਸਮਾਂਬੱਧ ਢੰਗ ਨਾਲ ਨੇਪਰੇ ਚੜ੍ਹ ਸਕੇ।ਉਨ੍ਹਾਂ ਅਧਿਕਾਰੀਆਂ ਨੂੰ ਇਸ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤਣ ਦੀ ਹਦਾਇਤ ਕਰਦਿਆਂ ਆਖਿਆ ਕਿ ਲੋਕਾਂ ਦੇ ਜਾਇਜ਼ ਕੰਮਕਾਜ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਦੋਸ਼ੀ ਪਾਇਆ ਗਿਆ ਤਾਂ ਉਸ ਖਿਲਾਫ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਉਨ੍ਹਾਂ ਕਿਹਾ ਕਿ ਮਾਲ ਵਿਭਾਗ ਵਿਚ ਜੇਕਰ ਕਿਸੇ ਵੀ ਪੱਧਰ 'ਤੇ ਲੋਕਾਂ ਨੂੰ ਕੰਮ ਕਰਵਾਉਣ ਵਿਚ ਕੋਈ ਦਿੱਕਤ ਆਉਂਦੀ ਹੈ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਸ ਬਾਬਤ ਹੈਲਪਲਾਈਨ ਨੰਬਰ 8184900002 ਜਾਰੀ ਕੀਤਾ ਹੋਇਆ ਹੈ ਜਿਸ ਤੇ ਲਿਖਤੀ ਸ਼ਿਕਾਇਤ ਵੱਟਸਐਪ ਕੀਤੀ ਜਾ ਸਕਦੀ ਹੈ।ਇਸ ਤੋਂ ਇਲਾਵਾ ਐੱਨਆਰਆਈਜ਼ ਆਪਣੀਆਂ ਲਿਖਤੀ ਸ਼ਿਕਾਇਤਾਂ 9464100168 ਨੰਬਰ ਤੇ ਭੇਜ ਸਕਦੇ ਹਨ

ਅੰਤਰ ਸਕੂਲ ਭਾਸ਼ਣ ਮੁਕਾਬਲੇ 'ਚ ਚੇਸ਼ਟਾ ਸ਼ਰਮਾ ਦਾ ਦੂਜਾ ਸਥਾਨ

ਬਟਾਲਾ (ਡਾ. ਮਲਵਿੰਦਰ ਸਿੰਘ)—ਸ਼੍ਰੀ ਗੀਤਾ ਜਯੰਤੀ ਦੇ ਸ਼ੁਭ ਮੌਕੇ ਦੈਨਿਕ ਪ੍ਰਾਰਥਨਾ ਸਭਾ ਬਟਾਲਾ ਵੱਲੋਂ ਕਮਿਊਨਿਟੀ ਹਾਲ ਵਿੱਚ ਅੰਤਰ-ਸਕੂਲ ਭਾਸ਼ਣ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਸ਼ਹਿਰ ਦੇ ਲਗਭਗ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਆਰ .ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਗਿਆਰ੍ਹਵੀਂ ਜਮਾਤ ਦੀ ਕਾਮਰਸ ਦੀ ਵਿਦਿਆਰਥਣ ਚੇਸ਼ਟਾ ਸ਼ਰਮਾ ਨੇ ਇਸ ਮੁਕਾਬਲੇ ਵਿੱਚ ਸ਼੍ਰੀ ਗੀਤਾ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਦੂਜੇ ਸਥਾਨ 'ਤੇ ਰਹੀ ਅਤੇ 2100 ਰੁਪਏ ਦਾ ਇਨਾਮ ਪ੍ਰਾਪਤ ਕੀਤਾ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ, ਪ੍ਰਿੰ. ਡਾ. ਬਿੰਦੂ ਭੱਲਾ ਨੇ ਚੇਸ਼ਟਾ ਸ਼ਰਮਾ ਅਤੇ ਉਸਦੇ ਮਾਤਾ-ਪਿਤਾ ਅਤੇ ਅਧਿਆਪਕਾ ਅਨੀਤਾ ਸ਼ਰਮਾ ਨੂੰ ਹਾਰਦਿਕ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਅਜਿਹੇ ਸੱਭਿਆਚਾਰਕ ਅਤੇ ਧਾਰਮਿਕ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਨ੍ਹਾਂ ਵਿੱਚ ਭਾਗ ਲੈ ਕੇ ਵਿਦਿਆਰਥੀ ਆਪਣੀ ਸੱਭਿਅਤਾ ਅਤੇ ਸੰਸਕ੍ਰਿਤੀ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਨ ਅਤੇ ਮਹਾਨ ਗ੍ਰੰਥ ਸ਼੍ਰੀਮਦ ਭਾਗਵਤ ਗੀਤਾ ਨੂੰ ਪੜ੍ਹਨ ਵਿੱਚ ਉਨ੍ਹਾਂ ਦੀ ਰੁਚੀ ਵਧਦੀ ਹੈ।

ਨਾਜਾਇਜ਼ ਸ਼ਰਾਬ ਸਮੇਤ ਔਰਤ ਗ੍ਰਿਫਤਾਰ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਉੱਕਾਰ ਸਿੰਘ)-ਐਸ. ਐਚ.ਓ ਓਂਕਾਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਨੇ ਦੱਸਿਆ ਕਿ ਏ.ਐਸ.ਆਈ ਲੋਕ ਰਾਮ ਸਮੇਤ ਪੁਲਸ ਪਾਰਟੀ ਨੇ ਪ੍ਰਮਜੀਤ ਕੌਰ ਉਰਫ ਪੰਮੀ ਪਤਨੀ ਪਰਮਜੀਤ ਸਿੰਘ ਵਾਸੀ ਮਿਆਣੀ ਥਾਣਾ ਟਾਂਡਾ ਨੂੰ ਕਾਬੂ ਕਰਕੇ ਉਸ ਪਾਸੋਂ 15000 ਮਿਲੀ ਨਜਾਇਜ਼ ਸ਼ਰਾਬ ਬਰਾਮਦ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

ਨਰੇਗਾ ਦਾ ਕੰਮ ਸਾਲ 'ਚ ਦੋ ਸੌ ਦਿਨ ਤੇ ਦਿਹਾੜੀ ਹਜ਼ਾਰ ਰੁਪਏ ਕੀਤੀ ਜਾਵੇ : ਮਾੜੀਮੇਘਾ

ਭਿੱਖੀਵਿੰਡ (ਨਜ਼ਸ)—ਸਰਬ ਭਾਰਤ ਨੌਜਵਾਨ ਸਭਾ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਵੱਲੋਂ ਕਲਸੀਆਂ ਕਲਾਂ ਵਿਖੇ ਵਿਸ਼ਾਲ ਮੀਟਿੰਗ ਕਰਕੇ ਰੁਜ਼ਗਾਰ ਪ੍ਰਾਪਤੀ, ਨਰੇਗਾ ਕੰਮ ਸਾਲ ਵਿੱਚ 200 ਦਿਨ ਤੇ ਦਿਹਾੜੀ 1000 ਰੁਪਏ ਕਰਨ ਦੀ ਮੰਗ ਨੂੰ ਲੈ ਕੇ ਵਿਚਾਰ ਚਰਚਾ ਹੋਈ। ਵਿਚਾਰ ਚਰਚਾ ਦਾ ਆਗਾਜ਼ ਕਰਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਮਹਿੰਗਾਈ ਨੇ ਲੋਕਾਂ ਦਾ ਜੀਵਨ ਦੁੱਭਰ ਬਣਾ ਦਿੱਤਾ ਹੈ। ਲੋਕ ਰੱਜ ਕੇ ਰੋਟੀ ਖਾਣ ਤੋਂ ਆਤੁਰ ਹਨ।

ਇਸ ਪ੍ਰਸਥਿਤੀ ਵਿੱਚ ਨਰੇਗਾ ਕਾਨੂੰਨ ਦਾ ਸਹੀ ਢੰਗ ਵਿੱਚ ਲਾਗੂ ਹੋਣਾ ਅਤਿ ਜ਼ਰੂਰੀ ਹੈ ਪਰ ਸਰਕਾਰੀ ਅਮਲਾ ਫੈਲਾ ਲਾਗੂ ਕਰਨ ਵਿੱਚ ਬੇਈਮਾਨੀ ਕਰ ਰਿਹਾ ਹੈ। ਤਰਨਤਾਰਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਕੋਸ਼ਿਸ਼ ਹੈ ਕਿ ਇਸ ਕਾਨੂੰਨ ਰਾਹੀਂ ਲੋਕਾਂ ਨੂੰ ਕੰਮ ਮਿਲੇ ਪਰ ਮੁਲਾਜ਼ਮ ਤੇ ਅਫਸਰਸ਼ਾਹੀ ਕੋਈ ਨਿਆਂ ਨਹੀਂ ਦੇ ਰਹੀ। ਡੀਸੀ ਸਿਰਫ ਖਬਰਾਂ ਵਿੱਚ ਹੀ ਰਹਿ ਜਾਂਦਾ ਹੈ। ਮਾੜੀਮੇਘਾ ਨੇ ਕਿਹਾ ਕਿ ਲੋੜ ਤਾਂ ਇਹ ਹੈ ਕਿ ਨਰੇਗਾ ਦਾ ਕੰਮ ਸਾਲ ਵਿੱਚ ਦੋ ਸੌ ਦਿਨ ਤੇ ਦਿਹਾੜੀ ਇੱਕ ਹਜ਼ਾਰ ਰੁਪਏ ਕੀਤੀ ਜਾਵੇ। ਅਫਸਰਸ਼ਾਹੀ ਨਰੇਗਾ ਦਾ ਮਾੜਾ-ਮੋਟਾ ਕੰਮ ਉਥੇ ਹੀ ਦਿੰਦੀ ਹੈ ਜਿਥੇ ਨਰੇਗਾ ਜਥੇਬੰਦੀ ਦਾ ਆਧਾਰ ਹੈ। ਏਆਈਐੱਸਐੱਫ ਦੇ ਕੌਮੀ ਕੌਂਸਲ ਮੈਂਬਰ ਲਵਪ੍ਰੀਤ ਸਿੰਘ ਮਾੜੀਮੇਘਾ ਨੇ ਕਿਹਾ ਕਿ ਨਰੇਗਾ ਸਕੀਮ ਨੌਜਵਾਨਾਂ ਲਈ ਵਰਦਾਨ ਹੈ। ਬੜੇ ਸਿਰੜੀ ਸੰਘਰਸ਼ਾਂ ਤੋਂ ਬਾਅਦ ਇਹ ਕਾਨੂੰਨ ਹੋਂਦ ਵਿੱਚ ਆਇਆ ਸੀ। ਇਸ ਕਾਨੂੰਨ ਰਾਹੀਂ ਲੋਕਾਂ ਨੂੰ ਕੰਮ ਮਿਲੇ ਤਾਂ ਹੀ ਲੋਕਾਂ ਦੇ ਘਰਾਂ ਵਿੱਚ ਕੁਝ ਖੁਸ਼ੀ ਪਰਤੇਗੀ। ਮੀਟਿੰਗ ਨੂੰ ਸੀਪੀਆਈ ਦੇ ਬਲਾਕ ਸਕੱਤਰ ਨਰਿੰਦਰ ਸਿੰਘ ਅਲਗੋਂ, ਪੰਜਾਬ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਰਛਪਾਲ ਸਿੰਘ ਬਾਠ, ਸਰਬ ਭਾਰਤ ਨੌਜਵਾਨ ਸਭਾ ਦੇ ਬਲਾਕ ਪ੍ਰਧਾਨ ਜਸਪਾਲ ਸਿੰਘ ਕਲਸੀਆਂ ਤੇ ਟਹਿਲ ਸਿੰਘ ਲੱਧੂ ਨੇ ਵੀ ਸੰਬੋਧਨ ਕੀਤਾ। ਅਖੀਰ 'ਤੇ ਏਆਈਐੱਸਐੱਫ ਬਲਾਕ ਭਿੱਖੀਵਿੰਡ ਦੀ ਚੋਣ ਵਿੱਚ ਪ੍ਰਧਾਨ ਜਸਕਰਨ ਸਿੰਘ, ਮੀਤ ਪ੍ਰਧਾਨ ਰਮਨ ਕੌਰ ਸਰਹਾਲੀ ਕਾਲਜ, ਸਕੱਤਰ ਅੰਮ੍ਰਿਤ ਪਾਲ ਸਿੰਘ, ਮੀਤ ਸਕੱਤਰ ਸੰਦੀਪ ਕੌਰ ਤੇ ਕੈਸ਼ੀਅਰ ਅਰਸ਼ਦੀਪ ਸਿੰਘ ਚੁਣੇ ਗਏ। ਇਸੇ ਤਰ੍ਹਾਂ ਸਰਬ ਭਾਰਤ ਨੌਜਵਾਨ ਸਭਾ ਪਿੰਡ ਕਲਸੀਆਂ ਕਲਾਂ ਦੀ ਚੋਣ ਵਿੱਚ ਪ੍ਰਧਾਨ ਗੁਰਪਿੰਦਰ ਸਿੰਘ, ਮੀਤ ਪ੍ਰਧਾਨ ਰਛਪਾਲ ਸਿੰਘ, ਸਕੱਤਰ ਅੰਮ੍ਰਿਤ ਪਾਲ ਸਿੰਘ, ਮੀਤ ਸਕੱਤਰ ਆਕਾਸ਼ਦੀਪ ਸਿੰਘ ਤੇ ਕੈਸ਼ੀਅਰ ਜਸਕਰਨ ਸਿੰਘ ਚੁਣੇ ਗਏ।

ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦੀ ਪੇਰੈਂਟਸ-ਟੀਚਰ ਮੀਟਿੰਗ ਸਫਲਤਾਪੂਰਵਕ ਸੰਪੰਨ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਸ੍ਰੀਮਤੀ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਅਧਿਆਪਕ ਮਾਪੇ ਮਿਲਣੀ ਕਰਵਾਈ ਗਈ। ਪ੍ਰਿੰਸੀਪਲ ਸ੍ਰੀਮਤੀ ਕਿਰਨ ਕੇਸਰ ਨੇ ਦੱਸਿਆ ਕਿ ਸਕੂਲ ਵਿੱਚ ਰਵਾਇਤੀ ਤੌਰ ਤੇ ਮਹੀਨੇ ਦੇ ਹਰ ਪਹਿਲੇ ਸ਼ਨੀਵਾਰ ਇਹ ਮੀਟਿੰਗ ਕਰਵਾਈ ਜਾਂਦੀ ਹੈ। ਜਿਸ ਵਿੱਚ ਅਧਿਆਪਕਾਂ ਦੁਆਰਾ ਮਾਪਿਆਂ ਨਾਲ ਵਿਦਿਆਰਥੀਆਂ ਦੇ ਸਿੱਖਿਆਤਮਕ ਅਤੇ ਵਿਵਹਾਰਿਕ ਵਿਕਾਸ ਲਈ ਵਾਰਤਾਲਾਪ ਕੀਤੀ ਗਈ। ਇਸ ਵਾਰਤਾਲਾਪ ਵਿੱਚ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਦੇ ਮਿਡ ਟਰਮ ਦੇ ਪੇਪਰਾਂ ਨਤੀਜੇ, ਕਾਰਗੁਜਾਰੀ ਅਤੇ ਯੋਗਤਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ। ਅਧਿਆਪਕਾਂ ਦੁਆਰਾ ਮਾਪਿਆਂ ਅਤੇ ਵਿਦਿਆਰਥੀਆਂ ਦੀਆਂ ਫਾਈਨਲ ਪੇਪਰਾਂ ਅਤੇ ਸਲੇਬਸ ਨੂੰ ਲੈ ਕੇ ਆਉਣ ਵਾਲੀਆਂ ਮੁਸਕਿਲਾਂ ਦਾ ਹੱਲ ਕੀਤਾ ਗਿਆ। ਇਸ ਤੋਂ ਇਲਾਵਾ ਸਕੂਲ ਵਿੱਚ ਦਾਖਲੇ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਅਤੇ ਮਾਪਿਆਂ ਦੀ ਸੁਵਿਧਾ ਲਈ ਸਕੂਲ ਵਿੱਚ ਹੈਲਪ ਡੈਸਕ ਦੀ ਸਥਾਪਨਾ ਕੀਤੀ ਗਈ। ਇਸ ਮੀਟਿੰਗ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਹਿੱਸਾ ਲਿਆ ਅਤੇ ਅਧਿਆਪਕਾਂ ਦੁਆਰਾ ਦਿੱਤੀ ਜਾਣਕਾਰੀ ਨੂੰ ਧਿਆਨ ਨਾਲ ਸੁਣਦੇ ਹੋਏ ਵਿਦਿਆਰਥੀਆਂ ਦੇ ਵਿਕਾਸ ਵਿੱਚ ਦਿਲਚਸਪੀ ਦਿਖਾਈ, ਅਤੇ ਵਧੀਆ ਮਾਤਾ ਪਿਤਾ ਹੋਣ ਦਾ ਸਬੂਤ ਦਿੱਤਾ। ਸਕੂਲ ਦੇ ਪ੍ਰਿੰਸੀਪਲ ਦੁਆਰਾ ਮਾਪਿਆਂ ਦਾ ਸਕੂਲ ਵਿੱਚ ਆਉਣ ਤੇ ਅਤੇ ਇਸ ਵਾਰਤਾਲਾਪ ਨੂੰ ਪੂਰਨ ਤੌਰ ਤੇ ਸਫਲ ਬਣਾਉਣ ਤੇ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਹੀ ਅਧਿਆਪਕ ਮਾਪੇ ਮਿਲਣੀ ਨੂੰ ਸਾਰਥਕ ਕਰਨ ਦੀ ਅਪੀਲ ਕੀਤੀ। ਉਹਨਾਂ ਨੇ ਕਿਹਾ ਕਿ ਮਾਪਿਆਂ ਨੂੰ ਆਪਣੇ ਰੁਝੇਵੇਂ ਭਰੀ ਜ਼ਿੰਦਗੀ ਵਿੱਚੋਂ ਕੁਝ ਪਲ ਆਪਣੇ ਬੱਚਿਆਂ ਦੇ ਵਿਕਾਸ ਲਈ ਜਰੂਰ ਕੱਢਣੇ ਚਾਹੀਦੇ ਹਨ ਅਤੇ ਸਕੂਲ ਦੀ ਹਰ ਮੀਟਿੰਗ ਵਿਚ ਜਰੂਰ ਸਾਮਿਲ ਹੋਣਾ ਚਾਹੀਦਾ ਹੈ।

ਵਿਕਸਤ ਸੰਕਲਪ ਯਾਤਰਾ ਨੂੰ ਭੰਗਵਾਂ ਤੇ ਗਾਲੋਵਾਲੀ ਪਿੰਡਾਂ 'ਚ ਜਾਣ ਤੋਂ ਰੋਕਿਆ

ਮਜੀਠਾ (ਸੋਇਮ ਆਨੰਦ)-ਕੇਂਦਰ ਸਰਕਾਰ ਵੱਲੋਂ ਸ਼ੁਰੂ ਵਿਕਸਤ ਸੰਕਲਪ ਯਾਤਰਾ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਜਾ ਰਹੀ ਹੈ।ਪਹਿਲਾਂ ਤੋਂ ਨਿਸਚਤ ਕੀਤੇ ਗਏ ਪ੍ਰੋਗਰਾਮ ਤਹਿਤ ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਭੰਗਵਾਂ ਅਤੇ ਗਾਲੋਵਾਲੀ ਵਿਚ ਇਹ ਯਾਤਰਾ ਆਉਣੀ ਸੀ ਅਤੇ ਇਸ ਸਬੰਧੀ ਵੱਖ-ਵੱਖ ਸਰਕਾਰੀ ਵਿਭਾ

8-jan-PAGE-4.qxd 1/7/2024 9:39 PM Page 1

ਨਵਾਂ ਜ਼ਮਾਨਾ
ਸੋਮਵਾਰ, 8 ਜਨਵਰੀ 2024

ਭਾਰਤ ਜੋੜੋ ਨਿਆਏ ਯਾਤਰਾ

ਰਾਹੁਲ ਗਾਂਧੀ ਦੀ 'ਭਾਰਤ ਜੋੜੋ ਨਿਆਏ ਯਾਤਰਾ' 14 ਜਨਵਰੀ ਤੋਂ ਸ਼ੁਰੂ ਹੋ ਰਹੀ ਹੈ। ਕਾਂਗਰਸ ਪ੍ਰਧਾਨ ਮਲਿਕਾਰੁਜਨ ਖੜਗੇ ਨੇ ਇੱਕ ਪ੍ਰੈੱਸ ਕਾਨਫ਼ਰੰਸ ਰਾਹੀਂ ਇਸ ਦੀ ਟੈਗ ਲਾਈਨ 'ਨਿਆਂ ਦਾ ਹੱਕ ਮਿਲਣ ਤੱਕ' ਵੀ ਜਾਰੀ ਕਰ ਦਿੱਤੀ ਹੈ। ਉਨ੍ਹਾ ਦੱਸਿਆ ਕਿ ਇਸ ਯਾਤਰਾ ਵਿੱਚ ਸ਼ਾਮਲ ਹੋਣ ਲਈ ਇੰਡੀਆ ਗੱਠਜੋੜ ਦੀਆਂ ਸਭ ਧਿਰਾਂ, ਰਾਜਾਂ ਵਿਚਲੀਆਂ ਮਿੱਤਰ ਜਥੇਬੰਦੀਆਂ ਤੇ ਨਾਗਰਿਕ ਸਭਾਵਾਂ ਨੂੰ ਵੀ ਸੱਦਾ ਦਿੱਤਾ ਗਿਆ ਹੈ। ਯਾਤਰਾ ਦੌਰਾਨ ਨਾਗਰਿਕ ਸਭਾਵਾਂ, ਪੱਤਰਕਾਰਾਂ, ਕਿਸਾਨਾਂ, ਮਜ਼ਦੂਰਾਂ, ਛੋਟੇ ਵਪਾਰੀਆਂ, ਦਲਿਤਾਂ, ਪਛੜੇ ਵਰਗਾਂ ਤੇ ਬੁੱਧੀਜੀਵੀਆਂ ਨੂੰ ਨਾਲ ਜੋੜਿਆ ਜਾਵੇਗਾ। ਯਾਤਰਾ ਸੰਬੰਧੀ ਰਾਹੁਲ ਗਾਂਧੀ ਨੇ ਲਿਖਿਆ ਹੈ, "ਅਸੀਂ ਫਿਰ ਆ ਰਹੇ ਹਾਂ ਆਪਣਿਆਂ ਵਿੱਚ, ਅਨਿਆਂ ਤੇ ਹੰਕਾਰ ਵਿਰੁੱਧ ਨਿਆਂ ਦੀ ਲਲਕਾਰ ਲੈ ਕੇ। ਸੱਚ ਦੇ ਇਸ ਰਾਹ ਉੱਤੇ ਮੇਰੀ ਸਹੁੰ ਹੈ, ਯਾਤਰਾ ਜਾਰੀ ਰਹੇਗੀ, ਨਿਆਂ ਦਾ ਹੱਕ ਮਿਲਣ ਤੱਕ।"

ਰਾਹੁਲ ਦੀ ਇਹ ਯਾਤਰਾ 'ਭਾਰਤ ਜੋੜੋ' ਦੇ ਨਾਅਰੇ ਵਾਲੀ ਨਾਲੋਂ ਇਸ ਗੱਲੋਂ ਵੱਖਰੀ ਹੈ ਕਿ ਉਹ ਯਾਤਰਾ ਭਾਜਪਾ ਦੀ ਨਫ਼ਰਤੀ ਸਿਆਸਤ ਵਿਰੁੱਧ ਸੀ ਤੇ ਇਸ ਯਾਤਰਾ ਦਾ ਮਕਸਦ ਸਭ ਨੂੰ ਨਿਆਂ ਦਾ ਹੱਕ ਦਿਵਾਉਣਾ ਹੈ। ਕੁਝ ਦਿਨ ਪਹਿਲਾਂ ਜਦੋਂ ਕਾਂਗਰਸ ਨੇ 10 ਵਜੇ ਇਸ ਯਾਤਰਾ ਦਾ ਐਲਾਨ ਕੀਤਾ ਸੀ ਤਾਂ ਉਸੇ ਦਿਨ ਸਵੇਰੇ ਵੱਡੇ ਤੜਕੇ ਰਾਹੁਲ ਗਾਂਧੀ ਹਰਿਆਣਾ ਦੇ ਝੱਜਰ ਦੇ ਇੱਕ ਪਿੰਡ ਵਿੱਚ ਭਲਵਾਨਾਂ ਦੇ ਇੱਕ ਅਖਾੜੇ ਵਿੱਚ ਉਨ੍ਹਾਂ ਦੇ ਦਰਦ ਨਾਲ ਖੁਦ ਨੂੰ ਜੋੜ ਰਹੇ ਸਨ। ਉਹ ਵਿਨੇਸ਼ ਫੋਗਾਟ ਨੂੰ ਵੀ ਮਿਲੇ, ਸਾਕਸ਼ੀ ਮਲਿਕ ਨੂੰ ਵੀ ਤੇ ਬਜਰੰਗ ਪੂਨੀਆ ਨੂੰ ਵੀ। ਇਹ ਉਹੋ ਭਲਵਾਨ ਸਨ, ਜਿਨ੍ਹਾਂ ਮਹਿਲਾ ਭਲਵਾਨਾਂ ਨਾਲ ਹੋਏ ਜਿਨਸੀ ਦੁਰਵਿਹਾਰ ਦੇ ਦੋਸ਼ੀ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਣ ਸਿੰਘ ਵਿਰੁੱਧ ਪੰਜ ਮਹੀਨੇ ਸੜਕਾਂ ਉੱਤੇ ਲੜਾਈ ਲੜੀ ਸੀ। ਆਖਰ ਹਾਰ ਜਾਣ ਉੱਤੇ ਉਨ੍ਹਾਂ ਆਪਣੇ ਪਦਮਸ਼੍ਰੀ ਤੇ ਅਰਜੁਨ ਐਵਾਰਡ ਪ੍ਰਧਾਨ ਮੰਤਰੀ ਦੀ ਰਿਹਾਇਸ਼ ਮੂਹਰਲੇ ਕਰਤੱਵ ਫੁਟਪਾਥ ਉੱਤੇ ਰੱਖ ਕੇ ਆਪਣਾ ਕਰਤੱਵ ਨਿਭਾਇਆ ਸੀ।

ਇਹ ਪੀੜਤ ਉਹੀ ਹਨ, ਜਿਨ੍ਹਾਂ ਬਾਰੇ ਪ੍ਰਧਾਨ ਮੰਤਰੀ ਕਹਿੰਦੇ ਹਨ, ਦੇਸ਼ ਵਿੱਚ ਸਿਰਫ਼ ਦੋ ਜਾਤੀਆਂ ਹਨ—ਗਰੀਬ ਤੇ ਕਿਸਾਨ। ਇਹ ਭਲਵਾਨ ਕਿਸਾਨਾਂ ਦੀ ਪ੍ਰਤੀਨਿਧਤਾ ਕਰਦੇ ਹਨ ਤੇ ਗਰੀਬਾਂ ਦੀ ਵੀ। ਯਾਤਰਾ ਦੇ ਐਲਾਨ ਤੋਂ ਇੱਕ ਦਿਨ ਪਹਿਲਾਂ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਚੰਪਾਰਨ ਤੋਂ 1100 ਕਿਲੋਮੀਟਰ ਪੈਦਲ ਯਾਤਰਾ ਕਰਕੇ ਨੌਜਵਾਨਾਂ ਦਾ ਇੱਕ ਜਥਾ ਦਿੱਲੀ ਪੁੱਜਿਆ ਸੀ। ਨਾ ਉਨ੍ਹਾਂ ਦੀ ਸਰਕਾਰ ਨੇ ਸਾਰ ਲਈ ਤੇ ਨਾ ਗੋਦੀ ਮੀਡੀਆ ਨੇ ਉਨ੍ਹਾਂ ਦੀ ਖ਼ਬਰ ਦਿੱਤੀ। ਇਹ ਰਾਹੁਲ ਗਾਂਧੀ ਹੀ ਸੀ, ਜਿਸ ਨੇ ਮਿਲ ਕੇ ਉਨ੍ਹਾਂ ਦੇ ਸੰਘਰਸ਼ ਵਿੱਚ ਨਿਆਂ ਦਾ ਹੱਕ ਦਿਵਾਉਣ ਦਾ ਵਾਅਦਾ ਕੀਤਾ ਸੀ।

ਅੱਜ ਜਦੋਂ ਗੋਦੀ ਮੀਡੀਆ ਫਾਸ਼ੀ ਹਾਕਮਾਂ ਦੀ ਕਠਪੁਤਲੀ ਬਣ ਚੁੱਕਾ ਹੈ, ਜਮਹੂਰੀ ਸ਼ਕਤੀਆਂ ਕੋਲ ਇੱਕੋ ਰਾਹ ਹੈ ਲੜਾਈ ਨੂੰ ਜਨਤਾ ਵਿੱਚ ਲੈ ਕੇ ਜਾਣਾ। ਰਾਹੁਲ ਦੀ ਇਹ ਯਾਤਰਾ 15 ਰਾਜਾਂ ਵਿੱਚੋਂ 6 ਹਜ਼ਾਰ ਕਿਲੋਮੀਟਰ ਦਾ ਪੈਂਡਾ ਤੈਅ ਕਰਕੇ ਮਹਾਰਾਸ਼ਟਰ ਪੁੱਜੇਗੀ। ਇਸ ਦੌਰਾਨ ਯਾਤਰਾ ਲੋਕ ਸਭਾ ਦੀਆਂ 357 ਸੀਟਾਂ ਨੂੰ ਕਵਰ ਕਰੇਗੀ। ਇਕੱਲੇ ਯੂ ਪੀ ਵਿੱਚ ਹੀ ਯਾਤਰਾ 20 ਜ਼ਿਲ੍ਹਿਆਂ ਵਿੱਚ 1074 ਕਿਲੋਮੀਟਰ ਦਾ ਸਫ਼ਰ ਤੈਅ ਕਰੇਗੀ। ਯਾਤਰਾ ਮਨੀਪੁਰ ਤੋਂ ਸ਼ੁਰੂ ਹੋਵੇਗੀ। ਉਹੀ ਸੜ ਰਿਹਾ ਮਨੀਪੁਰ, ਜਿੱਥੇ ਜਾਣ ਦੀ ਪ੍ਰਧਾਨ ਮੰਤਰੀ ਨੂੰ ਫੁਰਸਤ ਨਹੀਂ ਮਿਲੀ, ਪਰ ਰਾਹੁਲ ਗਾਂਧੀ ਨੇ ਮਨੀਪੁਰੀਆਂ ਨੂੰ ਗਲੇ ਲਾ ਕੇ ਭਰੋਸਾ ਦਿੱਤਾ ਸੀ ਕਿ ਭਾਰਤ ਉਨ੍ਹਾਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਦਾ ਹੈ।

ਪਿਛਲੇ ਸਾਲ ਰਾਹੁਲ ਗਾਂਧੀ ਨੇ 7 ਸਤੰਬਰ ਤੋਂ ਕੰਨਿਆ ਕੁਮਾਰੀ ਤੋਂ ਆਪਣੀ 'ਭਾਰਤ ਜੋੜੋ' ਯਾਤਰਾ ਸ਼ੁਰੂ ਕੀਤੀ ਸੀ। ਉਸ ਸਮੇਂ ਉਸ ਨੇ ਆਰਥਿਕ ਨਾਬਰਾਬਰੀ, ਸਮਾਜਿਕ ਧਰੁਵੀਕਰਨ ਤੇ ਰਾਜਨੀਤਕ ਤਾਨਾਸ਼ਾਹੀ ਦੇ ਮੁੱਦੇ ਚੁੱਕੇ ਸਨ। 'ਨਫ਼ਰਤ ਦੇ ਬਜ਼ਾਰ ਵਿੱਚ ਮੁਹੱਬਤ ਦੀ ਦੁਕਾਨ' ਖੋਲ੍ਹਣ ਦੀ ਉਸ ਵੱਲੋਂ ਚੁੱਕੀ ਗਈ ਗੱਲ ਨੇ ਲੱਖਾਂ ਲੋਕਾਂ ਨੂੰ ਧਰਵਾਸ ਦਿੱਤਾ ਸੀ। ਤਾਜ਼ਾ ਯਾਤਰਾ ਆਰਥਿਕ ਨਿਆਂ, ਸਮਾਜਿਕ ਨਿਆਂ ਤੇ ਰਾਜਨੀਤਕ ਨਿਆਂ ਦੇ ਮੁੱਦੇ ਚੁੱਕੇਗੀ। ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਵਿੱਚ ਆਪਣੇ ਆਖ਼ਰੀ ਭਾਸ਼ਣ ਵਿੱਚ ਕਿਹਾ ਸੀ ਕਿ ਸਾਡੇ ਦੇਸ਼ ਵਿੱਚ ਅਜ਼ਾਦੀ ਤੇ ਲੋਕਤੰਤਰ ਹਾਲੇ ਅਧੂਰਾ ਹੈ। 'ਜਿੰਨੀ ਅਬਾਦੀ ਓਨਾ ਹੱਕ' ਦਾ ਨਾਅਰਾ ਅੰਬੇਡਕਰ ਦੇ ਇਸੇ ਵਿਚਾਰ ਦੀ ਪੁਸ਼ਟੀ ਕਰਦਾ ਹੈ। ਇਹ ਨਾਅਰਾ ਜਾਤੀ ਜਨਗਣਨਾ ਦੇ ਮੁੱਦੇ ਨੂੰ ਰਾਹੁਲ ਦੀ ਯਾਤਰਾ ਦਾ ਮੁੱਖ ਬਿੰਦੂ ਬਣਾ ਦੇਵੇਗਾ। ਇਹ ਯਾਤਰਾ ਉਸ ਸਮੇਂ ਸ਼ੁਰੂ ਹੋ ਰਹੀ ਹੈ, ਜਦੋਂ ਲੋਕ ਸਭਾ ਚੋਣਾਂ ਸਿਰ ਉੱਤੇ ਹਨ। 'ਇੰਡੀਆ' ਗੱਠਜੋੜ ਲਈ ਜ਼ਰੂਰੀ ਹੈ ਕਿ ਉਹ ਜਿੰਨਾ ਛੇਤੀ ਹੋ ਸਕੇ, ਸੀਟਾਂ ਦੀ ਵੰਡ ਦਾ ਮਸਲਾ ਨਿਬੇੜ ਲਵੇ ਤਾਂ ਕਿ ਇਸ ਯਾਤਰਾ ਨੂੰ ਚੋਣ ਮੁਹਿੰਮ ਦਾ ਵੀ ਹਿੱਸਾ ਬਣਾਇਆ ਜਾ ਸਕੇ।

-ਚੰਦ ਫਤਿਹਪੁਰੀ

ਅਯੁੱਧਿਆ : ਮੋਦੀ ਨੂੰ ਕੁਝ ਪੁੱਛੀਏ, ਕੁਝ ਦੱਸੀਏ

ਸੁੱਚਾ ਸਿੰਘ ਖੱਟੜਾ

ਅਯੁੱਧਿਆ ਦਾ ਮੁੱਦਾ ਇੱਕ ਵਾਰ ਫਿਰ ਭਖਿਆ ਹੈ। ਸੁਪਰੀਮ ਕੋਰਟ ਦਾ ਫੈਸਲਾ ਮੰਦਰ ਦੇ ਪੱਖ ਵਿੱਚ ਨਹੀਂ ਸੀ, ਜਨਤਾ ਦੇ ਵੱਡੇ ਹਿੱਸੇ ਦੀ ਆਸਥਾ ਦੇ ਪੱਖ ਵਿੱਚ ਸੀ। ਪਰ ਹੁਣ ਰਾਮ ਲੱਲ੍ਹਾ ਦਾ ਮੰਦਰ ਬਣ ਰਿਹਾ ਹੈ। ਬਣਦਿਆਂ-ਬਣਦਿਆਂ 22 ਜਨਵਰੀ ਨੂੰ ਮੋਦੀ ਇਸ ਦੀ ਪ੍ਰਾਣ ਪ੍ਰਤਿਸ਼ਠਾ ਕਰਨ ਜਾ ਰਿਹਾ ਹੈ। ਇਹ ਧਾਰਮਿਕ ਦੀ ਥਾਂ ਉਸ ਦਾ ਰਾਜਨੀਤਕ ਮੁੱਦਾ ਹੈ। ਵਿਰੋਧੀ ਪਾਰਟੀਆਂ ਤਹਿ ਨਹੀਂ ਕਰ ਸਕੀਆਂ ਕਿ ਉਨ੍ਹਾ ਨੂੰ ਪ੍ਰਾਣ ਪ੍ਰਤਿਸ਼ਠਾ ਵਿੱਚ ਜਾਣਾ ਚਾਹੀਦਾ ਹੈ ਜਾਂ ਨਹੀਂ ਜਾਣਾ ਚਾਹੀਦਾ, ਪਰ ਕਿਉਂਕਿ ਇਨ੍ਹਾਂ ਪਾਰਟੀਆਂ ਪਿੱਛੇ ਜਨਤਾ ਦਾ ਇੱਕ ਵੱਡਾ ਭਾਗ ਹੈ, ਇਸ ਲਈ ਅਜਿਹੀ ਚਰਚਾ ਇਨ੍ਹਾਂ ਪਾਰਟੀਆਂ ਨੂੰ ਛੇੜਨੀ ਚਾਹੀਦੀ ਹੈ ਜਿਸ ਵਿੱਚ ਮੋਦੀ ਨੂੰ ਹੀ ਕੁਝ ਪੁੱਛੀਏ ਅਤੇ ਕੁਝ ਦੱਸੀਏ। ਅਜਿਹੇ ਸਵਾਲ ਖੜੇ ਕੀਤੇ ਜਾਣ, ਜਿਨ੍ਹਾ ਦਾ ਉਹਨੂੰ ਉੱਤਰ ਦੇਣਾ ਪਵੇ।

ਇਸ ਮੁੱਦੇ ਦੇ ਦੋ ਪਹਿਲੂ ਹਨ। ਇੱਕ ਰਾਜਨੀਤਕ ਅਤੇ ਦੂਜਾ ਧਾਰਮਿਕ, ਰਾਜਨੀਤਕ ਪੱਖ ਤੋਂ ਮੋਦੀ ਕੋਲ ਇਸ ਗੱਲ ਦਾ ਕੀ ਜਵਾਬ ਹੈ ਕਿ ਉਸ ਨੇ ਸਭ ਰਾਜਨੀਤਕ ਪਾਰਟੀਆਂ ਨੂੰ ਕਿਉਂ ਨਹੀਂ ਬੁਲਾਇਆ? ਫਿਲਹਾਲ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਅਤੇ ਸ਼ਿਵ ਸੈਨਾ ਮੁਖੀ ਊਧਵ ਠਾਕਰੇ ਨੂੰ ਕੋਈ ਸੱਦਾ ਨਹੀਂ। ਜਿਨ੍ਹਾ ਨੂੰ ਬੁਲਾਇਆ ਹੈ, ਜੇਕਰ ਉਹ 22 ਜਨਵਰੀ ਦੀ ਥਾਂ ਬਾਅਦ ਵਿੱਚ ਆਉਣ ਦੀ ਗੱਲ ਕਰਦੇ ਹਨ ਤਾਂ ਮੋਦੀ ਜਾਂ ਭਾਜਪਾ ਨੂੰ ਕੀ ਤਕਲੀਫ਼? ਸੀ ਪੀ ਐੱਮ ਨੇਤਾ ਨੇ ਸਪੱਸ਼ਟ ਕਿਹਾ ਹੈ ਕਿ ਉਸ ਦੀ ਪਾਰਟੀ ਅਤੇ ਕਮਿਊਨਿਸਟ ਧਰਮ ਅਤੇ ਰਾਜਨੀਤੀ ਨੂੰ ਇੱਕ-ਦੂਜੇ ਵਿੱਚ ਰਲਗਡ ਦੇ ਵਿਰੋਧੀ ਹਨ। ਮੋਦੀ ਤੋਂ ਉੱਤਰ ਮੰਗਣਾ ਬਣਦਾ ਹੈ ਕਿ ਉਹ ਸੀਤਾ ਰਾਮ ਯੇਚੁਰੀ ਦੇ ਬਿਆਨ ਉੱਤੇ ਕੀ ਟਿੱਪਣੀ ਕਰੇਗਾ। ਜੇਕਰ ਸੀਤਾ ਰਾਮ ਯੇਚੁਰੀ ਗਲਤ ਹੈ ਤਾਂ ਮੋਦੀ ਨੂੰ ਚਾਹੀਦਾ ਹੈ ਕਿ ਉਹ ਯੇਚੁਰੀ ਨੂੰ ਗਲਤ ਕਹੇ ਅਤੇ ਆਪਣੇ ਕਥਨ ਦੀ ਵਿਆਖਿਆ ਕਰੇ। ਉਂਝ ਜੇਕਰ ਸਾਰੀਆਂ ਪਾਰਟੀਆਂ ਸੀਤਾ ਰਾਮ ਯੇਚੁਰੀ ਵਰਗਾ ਸਟੈਂਡ ਰੱਖਦੀਆਂ ਹੁੰਦੀਆਂ ਤਾਂ ਉਨ੍ਹਾਂ ਨੂੰ ਇਹ ਦੁਬਿਧਾ ਦਾ ਸਾਹਮਣਾ ਨਾ ਕਰਨਾ ਪੈਂਦਾ।

ਇਸ ਤੋਂ ਵੀ ਮੁੱਢਲਾ ਪ੍ਰਸ਼ਨ ਹੈ ਕਿ ਰਾਜਨੀਤਕ ਪਾਰਟੀਆਂ ਨੂੰ ਬੁਲਾਇਆ ਹੀ ਕਿਉਂ? ਜੇਕਰ ਇਹ ਇੱਕ ਧਾਰਮਿਕ ਕਾਰਜ ਹੈ ਤਾਂ ਕਿਸੇ ਨੂੰ ਸੱਦਾ ਦੇਣਾ ਕਿਉਂ ਜ਼ਰੂਰੀ? ਜੇਕਰ ਉਸ ਦੀ ਪਾਰਟੀ ਵੱਲੋਂ ਮੁੱਦਾ ਹੈ ਤਾਂ ਦੂਜੀਆਂ ਪਾਰਟੀਆਂ ਨੂੰ ਬੁਲਾਵਾ ਦੇਣ ਦਾ ਕੀ ਮੰਤਵ? ਇਹ ਪ੍ਰਾਣ ਪ੍ਰਤਿਸ਼ਠਾ ਧਾਰਮਿਕ ਕਾਰਜ ਸੀ। ਵਿਰੋਧੀ ਪੱਖ ਨੂੰ ਚਾਹੀਦਾ ਸੀ ਕਿ ਉਹ ਭਾਜਪਾ ਵੱਲੋਂ ਇਸ ਕਾਰਜ ਦੇ ਹਥਿਆਏ ਜਾਣ ਨੂੰ ਮੁੱਦਾ ਬਣਾ ਕੇ ਇਸ ਦਾ ਵਿਰੋਧ ਕਰਦਾ। ਇਹ ਧਾਰਮਿਕ ਕਾਰਜ ਧਾਰਮਿਕ ਵਿਅਕਤੀਆਂ ਵੱਲੋਂ ਹੋਣ ਦੇਣ ਦੀ ਵਕਾਲਤ ਕਰਨੀ ਅਤੇ ਲੋਕਾਂ ਤੋਂ ਕਰਵਾਉਣੀ ਬਣਦੀ ਸੀ। ਵਿਰੋਧੀ ਪੱਖ ਵੱਲੋਂ ਘਟਨਾਕ੍ਰਮ ਦੇ ਇਸ ਪਹਿਲੇ ਪੜਾਅ ਉਤੇ ਕੀਤੀ ਗਲਤੀ ਉਸ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਸਕਦੀ ਹੈ। ਹੁਣ ਵੀ ਵਿਰੋਧੀ ਦਲਾਂ ਨੂੰ ਸਾਂਝੇ ਪਲੇਟਫਾਰਮ ਉਤੇ ਇਹੀ ਸਟੈਂਡ ਲੈਣਾ ਚਾਹੀਦਾ ਹੈ। ਵਰਨਾ ਪ੍ਰੋਗਰਾਮ ਵਿੱਚ ਜਾਣ ਅਤੇ ਨਾ ਜਾਣ ਦੋਨਾਂ ਹਾਲਤਾਂ ਵਿੱਚ ਸਿਆਸੀ ਨੁਕਸਾਨ ਬਰਾਬਰ ਹੋਵੇਗਾ। ਇਸ ਨੁਕਸਾਨ ਤੋਂ ਬਚਣ ਦਾ ਇੱਕੋ-ਇੱਕ ਹੱਲ ਇਹੀ ਹੈ ਕਿ ਪ੍ਰਾਣ-ਪ੍ਰਤਿਸ਼ਠਾ ਦਾ ਮੁੱਦਾ ਧਾਰਮਿਕ ਕਾਰਜ ਵਜੋਂ ਉਠਾ ਕੇ ਇਸ ਨੂੰ ਮੋਦੀ ਵੱਲੋਂ ਅਤੇ ਭਾਜਪਾ ਵੱਲੋਂ ਹਥਿਆਏ ਜਾਣ ਦੇ ਵਿਰੋਧ ਵਿੱਚ ਨਾ ਜਾਣ ਦਾ ਐਲਾਨ ਕੀਤਾ ਜਾਵੇ ਅਤੇ ਨਾਲ ਹੀ 22 ਜਨਵਰੀ ਤੋਂ ਬਾਅਦ ਕਿਸੇ ਦਿਨ ਜਾਣ ਦਾ ਫ਼ੈਸਲਾ ਦੱਸ ਵੀ ਦਿੱਤਾ ਜਾਵੇ।

ਇਹ ਠੀਕ ਹੈ ਕਿ ਭਾਜਪਾ ਲਈ ਅਯੁੱਧਿਆ ਮੰਦਰ ਸ਼ੁਰੂ ਤੋਂ ਇੱਕ ਮੁੱਦਾ ਰਿਹਾ ਹੈ, ਪਰ ਫਿਰ ਵੀ ਇਹ ਮੁੱਦਾ ਤਾਂ ਧਾਰਮਿਕ ਹੀ ਸੀ ਅਤੇ ਧਾਰਮਿਕ ਹੀ ਹੈ। ਇਸ ਨੂੰ ਰਾਜਨੀਤਕ ਕਿਵੇਂ ਮੰਨਿਆ ਜਾਵੇ ਅਤੇ ਕਿਉਂ ਮੰਨਿਆ ਜਾਵੇ। ਇਸ ਤਰ੍ਹਾਂ ਮੋਦੀ ਜੇਕਰ ਇਸ ਨੂੰ ਧਾਰਮਿਕ ਮੁੱਦਾ ਮੰਨਦਾ ਹੈ ਤਾਂ ਕੁਝ ਰਾਜਨੀਤਕ ਪਾਰਟੀਆਂ ਨੂੰ ਬੁਲਾ ਕੇ ਅਤੇ ਕੁਝ ਨੂੰ ਨਾ ਬੁਲਾ ਕੇ ਉਹ ਧਾਰਮਿਕ ਵਿਤਕਰੇ ਦਾ ਦੋਸ਼ੀ ਹੈ। ਜੇਕਰ ਮੋਦੀ ਪ੍ਰਾਣ-ਪ੍ਰਤਿਸ਼ਠਾ ਨੂੰ ਸਿਆਸੀ ਮੁੱਦਾ ਬਣਾਉਂਦਾ ਹੈ ਤਾਂ ਉਹ ਧਾਰਮਿਕ ਕਾਰਜ ਨੂੰ ਰਾਜਨੀਤਕ ਬਣਾਉਣ ਦਾ ਦੋਸ਼ੀ ਹੈ। ਇਨ੍ਹਾਂ ਪ੍ਰਸ਼ਨਾਂ ਨੂੰ ਮੋਦੀ ਦੇ ਪਾਲੇ ਵਿੱਚ ਸੁੱਟਣਾ ਵਿਰੋਧੀ ਧਿਰ ਦੀ ਮੁੱਦੇ ਉਤੇ ਆਪਣੀ ਸਪੱਸ਼ਟਤਾ ਉਤੇ ਨਿਰਭਰ ਕਰਦਾ ਹੈ। ਧਾਰਮਿਕ ਵਿਤਕਰੇ ਦਾ ਦੋਸ਼ੀ ਕਹਿ ਕੇ ਵੀ 22 ਜਨਵਰੀ ਲਈ ਉਸ ਵੱਲੋਂ ਵਿਛਾਏ ਜਾਲ ਵਿੱਚ ਫਸਣ ਤੋਂ ਆਪਣੇ ਆਪ ਨੂੰ ਇਹ ਪਾਰਟੀਆਂ ਬਚਾਅ ਸਕਦੀਆਂ ਹਨ। ਧਾਰਮਿਕ ਕਾਰਜ ਦੇ ਰਾਜਨੀਤੀ ਕਰਨ ਦੇ ਇਲਜ਼ਾਮ ਉਤੇ ਵੀ 22 ਜਨਵਰੀ ਦੀ ਚਾਲ ਵਿੱਚ ਫਸਣ ਤੋਂ ਬਚਿਆ ਜਾ ਸਕਦਾ ਹੈ।

ਅਯੁੱਧਿਆ ਦਾ ਦੂਜਾ ਪੱਖ ਸਿਆਸਤ ਨੂੰ ਦੂਰ ਰੱਖ ਕੇ ਧਾਰਮਿਕ ਪੱਖੋਂ ਵਿਚਾਰਦਿਆਂ ਵੀ ਮੋਦੀ ਪਾਪ ਦਾ ਭਾਗੀ ਹੈ। ਭਾਰਤ ਵਿੱਚ ਰਾਮ ਦੇ ਦੋ ਰੂਪ ਹਨ। ਇੱਕ ਰਾਮ ਬ੍ਰਾਹਮ ਹੈ, ਈਸ਼ਵਰ ਹੈ। ਦੂਜਾ ਰਾਮ ਰਿਸ਼ੀ ਵਾਲਮੀਕਿ ਜਾਂ ਤੁਲਸੀ ਦਾਸ ਵੱਲੋਂ ਰਚੇ ਮਹਾਂਕਾਵਿ ਵਿੱਚ ਇੱਕ ਨਾਇਕ ਹੈ, ਮਰਿਆਦਾ ਪੁਰਸ਼ੋਤਮ ਹੈ। ਰਾਮ ਦੇ ਪਹਿਲੇ ਸਰੂਪ ਨੂੰ ਮੰਨਣ ਵਾਲੇ ਭਾਰਤ ਵਿੱਚ ਵੱਡੀ ਗਿਣਤੀ ਵਿੱਚ ਹਨ। ਇਸ ਸਰੂਪ ਵਿੱਚ ਰਾਮ ਨੂੰ ਕਿਸੇ ਮੰਦਰ ਵਿੱਚ ਨਹੀਂ ਲਿਆਂਦਾ ਜਾ ਸਕਦਾ। ਇਸ ਵਿਚਾਰ ਨੂੰ ਸਮਝਣ ਲਈ ਗੁਰਬਾਣੀ ਤੋਂ ਵੱਧ ਸਪੱਸ਼ਟਤਾ ਕਿਧਰੇ ਵੀ ਮਿਲਣੀ ਮੁਸ਼ਕਲ ਹੈ, ਕਿਉਂਕਿ ਦੋਵਾਂ ਨੂੰ ਰਲਗਡ ਕਰਕੇ ਪੜ੍ਹਿਆ-ਪੜ੍ਹਾਇਆ ਜਾਂਦਾ ਹੈ। ਇਸ ਅਗਿਆਨਤਾ ਦਾ ਲਾਹਾ ਮੋਦੀ ਨੂੰ ਹੈ। ਵਿਚਾਰਵਾਨ ਲੋਕਾਂ ਨੂੰ ਪਤਾ ਹੈ ਕਿ ਭਾਰਤ ਵਿੱਚ ਅਧਿਆਤਮਕਵਾਦ ਦੀਆਂ ਨਿਰਗੁਣ ਅਤੇ ਸਰਗੁਣ ਪਰੰਪਰਾਵਾਂ ਚਿਰਾਂ ਤੋਂ ਚੱਲਦੀਆਂ ਆ ਰਹੀਆਂ ਹਨ। ਰਾਮ ਦਾ ਪ੍ਰਮੇਸ਼ਵਰ ਰੂਪ ਨਿਰਗੁਣ ਪਰੰਪਰਾ ਤੋਂ ਹੈ। ਮੋਦੀ ਦਾ ਰਾਮ ਸਰਗੁਣ ਪਰੰਪਰਾ ਤੋਂ ਹੈ।

ਹੁਣ ਇਹ ਮੋਦੀ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਖੁਦ ਕਿਹੜੇ ਰਾਮ ਦਾ ਉਪਾਸ਼ਕ ਹੈ। ਸਪੱਸ਼ਟ ਹੈ ਕਿ ਉਹ ਪਹਿਲੇ ਰਾਮ ਅਤੇ ਦੂਜੇ ਰਾਮ ਵਿੱਚੋਂ ਕਿਸੇ ਦਾ ਵੀ ਉਪਾਸ਼ਕ ਨਹੀਂ। ਜੇਕਰ ਉਹ ਰਾਮ ਦੇ ਬ੍ਰਹਮ ਜਾਂ ਈਸ਼ਵਰ ਸਰੂਪ ਨੂੰ ਮੰਨਦਾ ਹੁੰਦਾ ਤਾਂ ਉਹ ਸਮੁੱਚੀ ਮਾਨਵਜਾਤੀ ਨੂੰ ਇੱਕ ਈਸ਼ਵਰ ਦੀ ਔਲਾਦ ਸਮਝਦਾ ਹੁੰਦਾ। ਉਹਦਾ ਮਾਨਵ ਜਾਤ ਪ੍ਰਤੀ ਨਜ਼ਰੀਆ ਮਨੂੰਵਾਦੀ ਅਤੇ ਆਰ ਐੱਸ ਐੱਸ ਵਾਲਾ ਹੈ, ਜੋ ਕਿ ਰਾਮ ਦੇ ਇਸ ਰੂਪ ਨਾਲ ਬੇਈਮਾਨੀ ਹੈ, ਧੋਖਾ ਹੈ। ਮੋਦੀ ਦਾ ਇਹ ਚਰਿੱਤਰ ਉਸ ਨੂੰ ਅਧਰਮੀ ਅਤੇ ਪਾਪੀ ਬਣਾਉਂਦਾ ਹੈ। ਇਸ ਨੂੰ ਭੰਡਿਆ ਜਾਣਾ ਬਣਦਾ ਹੈ।

ਦੂਜਾ ਰਾਮ ਵਾਲਮੀਕ ਦੀ ਰਾਮਾਇਣ ਜਾਂ ਤੁਲਸੀਦਾਸ ਦੀ ਰਾਮਾਇਣ ਦਾ ਪਾਤਰ ਹੈ। ਇਹ ਉਸ ਦਾ ਮਰਿਆਦਾ ਪੁਰਸ਼ੋਤਮ ਸਰੂਪ ਹੈ। ਇਸ ਸਰੂਪ ਨੂੰ ਮੰਨਣ ਵਾਲਾ ਸ਼ਰਧਾਲੂ ਵੀ ਮੋਦੀ ਨਹੀਂ ਹੋ ਸਕਦਾ, ਕਿਉਂਕਿ ਉਸ ਮਰਿਆਦਾ ਪੁਰਸ਼ ਦੇ ਗੁਣਾ ਵਿੱਚੋਂ ਇੱਕ ਵੀ ਜੇਕਰ ਮੋਦੀ ਵਿੱਚ ਹੋਵੇ ਤਾਂ ਇਨਸਾਫ਼ ਉਹਦੇ ਲਈ ਪਹਿਲਾ ਕਰਤੱਵ ਹੋਣਾ ਚਾਹੀਦਾ ਸੀ। ਮੋਦੀ ਵਿੱਚ ਨਾ ਹੀ ਇਨਸਾਫ਼, ਨਾ ਹੀ ਸੱਚ ਅਤੇ ਨਾ ਹੀ ਤਿਆਗ ਵਰਗਾ ਕੋਈ ਗੁਣ ਸਾਡੇ ਸਾਹਮਣੇ ਹੈ। ਸਗੋਂ ਮੋਦੀ ਇਨ੍ਹਾਂ ਸਾਰੇ ਗੁਣਾਂ ਤੋਂ ਕੋਰਾ ਠੀਕ ਇਨ੍ਹਾਂ ਤੋਂ ਉਲਟੇ ਔਗੁਣਾ ਦਾ ਪ੍ਰਤੀਕ ਸਾਬਤ ਹੋ ਰਿਹਾ ਹੈ। ਸਮਾਜ ਦੇ ਵੱਖ-ਵੱਖ ਵਰਗ ਉਸ ਦੇ ਇਨਸਾਫ਼ ਲਈ ਵਿਲਕ ਰ

8-JAN-PAGE-5.qxd 1/7/2024 9:35 PM Page 1

ਪਾਵਰਕਾਮ, ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਵੱਲੋਂ 70 ਸਾਲਾ ਪੈਨਸ਼ਨਰ ਸਨਮਾਨਤ

ਮੋਗਾ (ਅਮਰਜੀਤ ਬੱਬਰੀ)

ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਦੀ ਸ਼ਹਿਰੀ ਇਕਾਈ ਸਬ ਅਰਬਨ ਤੇ ਅਰਬਨ ਡਵੀਜ਼ਨ ਦੀ ਸਾਂਝੀ ਪ੍ਰਧਾਨਗੀ 'ਚ ਕਨਵੀਨਰ ਗੁਰਮੇਲ ਸਿੰਘ ਨਾਹਰ, ਪ੍ਰਿਅਵਰਤ ਗੁਪਤਾ, ਦਿਆਲ ਸਿੰਘ, ਗੁਰਮੀਤ ਧਾਲੀਵਾਲ, ਸਵਰਨ ਜੀਤ ਸਿੰਘ ਤੇ ਚਮਕੌਰ ਸਿੰਘ ਸੀਨੀਅਰ ਮੀਤ ਪ੍ਰਧਾਨ, ਕੇਵਲ ਸਿੰਘ ਬਨਵੈਤ ਮੀਤ ਪ੍ਰਧਾਨ, ਬਲਵੀਰ ਸਿੰਘ ਮਾਨ ਕਾਰਜਕਾਰਨੀ ਮੈਂਬਰ ਦੀ ਸਰਪ੍ਰਸਤੀ ਹੇਠ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਭਵਨ ਦੇ ਸਤੀਸ਼ ਲੂੰਬਾ ਭਵਨ ਵਿੱਚ ਅੰਤਰਰਾਸ਼ਟਰੀ ਪੈਨਸ਼ਨਰਜ਼ ਦਿਵਸ ਮਨਾਇਆ ਗਿਆ।ਪੈਨਸ਼ਨਰਜ਼ ਯੂਨੀਅਨ ਦੇ ਪ੍ਰਿਅਵਰਤ ਗੁਪਤਾ, ਗੁਰਮੇਲ ਸਿੰਘ ਨਾਹਰ, ਦਿਆਲ ਸਿੰਘ, ਗੁਰਮੀਤ ਸਿੰਘ ਧਾਲੀਵਾਲ, ਸਵਰਨ ਜੀਤ ਸਿੰਘ ਨੇ ਸਾਂਝੇ ਤੌਰ 'ਤੇ ਪੈਨਸ਼ਨਰਜ਼ ਦਿਵਸ ਨਾਲ ਸਬੰਧਤ ਪੁਰਾਤਨ ਇਤਿਹਾਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਦੋਂ 1857 ਵਿੱਚ ਭਾਰਤ ਦੀ ਆਜ਼ਾਦੀ ਦੀ ਮੁਹਿਮ ਸ਼ੁਰੂ ਹੋਈ ਤਾਂ ਬ੍ਰਿਟਿਸ਼ ਸਰਕਾਰ ਵੱਲੋਂ ਪੈਨਸ਼ਨਰਜ਼ ਐਕਟ ਬਣਾ ਕੇ ਸੇਵਾਮੁਕਤ ਹੋ ਰਹੇ ਪੈਨਸ਼ਨਰਾਂ ਨੂੰ ਪੈਨਸ਼ਨ ਦਿੱਤੀ ਜਾਣ ਲੱਗੀ, ਪਰ ਇਹ ਪੈਨਸ਼ਨ ਸਰਕਾਰ ਦੇ ਰਹਿਮੋ-ਕਰਮ 'ਤੇ ਨਿਰਭਰ ਸੀ।ਕੇਂਦਰ ਸਰਕਾਰ ਦੇ ਰੱਖਿਆ ਵਿਭਾਗ ਤੋਂ ਸੇਵਾਮੁਕਤ ਬੁੱਧੀਜੀਵੀ ਸੀਨੀਅਰ ਅਧਿਕਾਰੀ ਡੀ ਐੱਸ ਨਾਗਰਾ ਨੇ ਪੈਨਸ਼ਨ ਸਬੰਧੀ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ, 17-12-1982 ਨੂੰ ਸੁਪਰੀਮ ਕੋਰਟ ਦੇ ਮਾਣਯੋਗ ਚੀਫ਼ ਜਸਟਿਸ ਮਰਹੂਮ ਵਾਈ ਵੀ ਚੰਦਰ ਚੂੜ ਨੇ ਦਿੱਤੀ ਸੀ।ਇਹ ਇੱਕ ਇਤਿਹਾਸਕ ਫੈਸਲਾ ਦੱਸਿਆ ਜਾਂਦਾ ਹੈ ਕਿ ਸੇਵਾਮੁਕਤ ਹੋਣ ਵਾਲੇ ਮੁਲਾਜ਼ਮ ਨੇ ਸਰਕਾਰ ਵੱਲੋਂ ਕੀਤੇ ਵਿਕਾਸ ਕਾਰਜਾਂ ਵਿੱਚ ਯੋਗਦਾਨ ਪਾਇਆ ਹੈ ਤੇ ਉਸ ਦੀ 35-40 ਸਾਲਾਂ ਦੀ ਲੰਮੀ ਸੇਵਾ ਦੇ ਬਦਲੇ ਇਹ ਮੁਲਾਜ਼ਮ ਪੈਨਸ਼ਨ ਦਾ ਹੱਕਦਾਰ ਹੈ।ਪੈਨਸ਼ਨ ਕੋਈ ਇਨਾਮ, ਤੋਹਫ਼ਾ ਜਾਂ ਦਾਨ ਨਹੀਂ ਹੈ, ਬਲਕਿ ਪੈਨਸ਼ਨ ਮੁਲਾਜ਼ਮ ਦਾ ਜਮਹੂਰੀ ਹੱਕ ਹੈ।ਸੇਵਾਮੁਕਤ ਕਰਮਚਾਰੀ ਸੇਵਾਮੁਕਤੀ ਤੋਂ ਪਹਿਲਾਂ ਮਿਲਣ ਵਾਲੀ ਮੁੱਢਲੀ ਤਨਖਾਹ ਦਾ 50 ਪ੍ਰਤੀਸ਼ਤ ਪੈਨਸ਼ਨ ਵਜੋਂ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ।ਇਸ ਇਤਿਹਾਸਕ ਫੈਸਲੇ ਅਨੁਸਾਰ ਕੇਂਦਰ ਸਰਕਾਰ ਤੇ ਰਾਜ ਸਰਕਾਰਾਂ ਵੱਲੋਂ ਪੈਨਸ਼ਨ ਐਕਟ 1982 ਬਣਾ ਕੇ ਪੈਨਸ਼ਨਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਤਾਂ ਜੋ ਪੈਨਸ਼ਨਰ ਸਮਾਜ ਵਿੱਚ ਆਤਮ ਨਿਰਭਰ ਬਣ ਕੇ ਮਾਣ-ਸਨਮਾਨ ਨਾਲ ਜੀਵਨ ਬਤੀਤ ਕਰ ਸਕਣ।ਕਰੀਬ 22 ਸਾਲਾਂ ਬਾਅਦ 01 ਜਨਵਰੀ 2004 ਤੋਂ ਬਾਅਦ ਨਵੇਂ ਭਰਤੀ ਹੋਏ ਮੁਲਾਜ਼ਮਾਂ ਦੀ ਪੈਨਸ਼ਨ ਬੰਦ ਕਰ ਦਿੱਤੀ ਗਈ ਤੇ ਨਵੀਂ ਨੈਸ਼ਨਲ ਪੈਨਸ਼ਨ ਸਕੀਮ ਲਾਗੂ ਕੀਤੀ ਗਈ, ਜਿਸ ਵਿੱਚ ਕਰਮਚਾਰੀ ਤੇ ਸਰਕਾਰ ਵੱਲੋਂ ਯੋਗਦਾਨ ਪਾਇਆ ਜਾਵੇਗਾ ਤੇ ਸੇਵਾਮੁਕਤੀ ਦੇ ਸਮੇਂ ਨਿਰਧਾਰਤ ਨਿਯਮਾਂ ਅਨੁਸਾਰ ਡਾ. ਇਹ ਰਕਮ ਵਿਆਜ ਸਮੇਤ ਵਾਪਸ ਕਰ ਦਿੱਤੀ ਜਾਵੇਗੀ।ਕੌਮਾਂਤਰੀ ਪੈਨਸ਼ਨਰਜ਼ ਦਿਵਸ ਮੌਕੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਪੱਧਰੀ ਆਗੂ ਚਮਕੌਰ ਸਿੰਘ ਸੀਨੀਅਰ ਮੀਤ ਪ੍ਰਧਾਨ, ਕੇਵਲ ਸਿੰਘ ਬਨਵੈਤ ਮੀਤ ਪ੍ਰਧਾਨ, ਬਲਬੀਰ ਸਿੰਘ ਮਾਨ, ਚੰਦ ਸਿੰਘ ਦੋਦ, ਗੁਰਮੇਲ ਸਿੰਘ ਨਾਹਰ ਦਰਸ਼ਨ ਲਾਲ ਸ਼ਰਮਾ ਡਿਪਟੀ ਜਨਰਲ ਸਕੱਤਰ ਇਪਲਾਈਜ਼ ਫੈਡਰੇਸ਼ਨ ਏਆਈਟੀਯੂਸੀ, ਇੰਜੀ: ਸੁਖਦੇਵ ਸਿੰਘ ਖੋਸਾ ਉਪ ਮੁੱਖ ਇੰਜੀਨੀਅਰ ਦਿਆਲ ਸਿੰਘ, ਰਮੇਸ਼ ਕੌਸ਼ਲ, ਗੁਰਮੀਤ ਧਾਲੀਵਾਲ, ਸਵਰਨ ਜੀਤ ਸਿੰਘ ਨੇ ਪੰਜਾਬ ਦੀ 'ਆਪ' ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨਾ ਮੰਨੇ ਜਾਣ 'ਤੇ ਤਿੱਖਾ ਰੋਸ ਪ੍ਰਗਟ ਕੀਤਾ। ਸਮੂਹ ਆਗੂਆਂ ਨੇ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਨ੍ਹਾਂ ਮੰਗਾਂ ਨੂੰ ਜਲਦ ਤੋਂ ਜਲਦ ਲਾਗੂ ਨਾ ਕੀਤਾ ਗਿਆ ਤਾਂ ਪੰਜਾਬ ਦੀ 'ਆਪ' ਸਰਕਾਰ ਨੂੰ ਭਵਿੱਖ 'ਚ ਗੰਭੀਰ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ, ਜਿਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।ਸਟੇਜ ਸੰਚਾਲਨ ਪ੍ਰਿਅਵਰਤ ਗੁਪਤਾ ਨੇ ਬਾਖੂਬੀ ਕੀਤਾ।ਇਸ ਮੌਕੇ ਪੈਨਸ਼ਨਰ ਗੁਰਦੇਵ ਸਿੰਘ, ਰਾਜੇਸ਼ਵਰ ਦੱਤ, ਬਲਦੇਵ ਸਿੰਘ, ਬਲਵੰਤ ਸਿੰਘ, ਮਹਿੰਦਰ ਸਿੰਘ, ਨਿਰੰਜਨ ਸਿੰਘ, ਜੋ ਕਿ 70 ਸਾਲ ਦੀ ਉਮਰ ਪੂਰੀ ਕਰ ਚੁੱਕੇ ਹਨ, ਨੂੰ ਯਾਦਗਾਰੀ ਚਿੰਨ੍ਹ ਤੇ ਹਾਰ ਦੇ ਕੇ ਸਨਮਾਨਤ ਕੀਤਾ ਗਿਆ।ਸਮਾਗਮ ਦੇ ਅੰਤ ਵਿੱਚ ਤੇਜਾ ਸਿੰਘ ਬਰਾੜ ਨੇ ਸਮੂਹ ਸੂਬਾ ਪੱਧਰੀ ਆਗੂਆਂ, ਪੈਨਸ਼ਨਰਾਂ ਤੇ ਬਾਹਰੋਂ ਆਏ ਪਰਿਵਾਰਕ ਪੈਨਸ਼ਨਰਾਂ ਦਾ ਸਮੂਹਕ ਤੌਰ 'ਤੇ ਧੰਨਵਾਦ ਕੀਤਾ।ਇਸ ਮੌਕੇ ਰਮੇਸ਼ ਕੌਸ਼ਲ, ਚੰਦ ਸਿੰਘ ਡੋਡ, ਇੰਦਰਜੀਤ ਸਿੰਘ, ਫਰੀਦਕੋਟ ਨਰਿੰਦਰ ਸਿੰਘ ਬੇਦੀ, ਜਸਬੀਰ ਸਿੰਘ ਤਰਨਤਾਰਨ, ਜਸਵੰਤ ਸਿੰਘ, ਵੀ ਪੀ ਸੇਠੀ, ਮਹਿੰਦਰ ਸਿੰਘ, ਰਘੁਵੀਰ ਸਿੰਘ ਦਰਬਾਰਾ ਸਿੰਘ, ਰਾਮ ਪ੍ਰਕਾਸ਼, ਗੁਰਮੀਤ ਸਿੰਘ, ਬਲਜੀਤ ਕੌਰ, ਪਰਮਜੀਤ ਕੌਰ ਆਦਿ ਹਾਜ਼ਰ ਸਨ।ਰਾਜਬੀਰ ਕੌਰ, ਅਮਰਜੀਤ ਸਿੰਘ, ਮਲਕੀਤ ਸਿੰਘ, ਵਿਲਾਇਤੀ ਲਾਲ ਅਰੋੜਾ, ਸੁਖਦੇਵ ਸਿੰਘ, ਮਨਜੀਤ ਸਿੰਘ, ਗੁਰਸੇਵਕ ਸਿੰਘ, ਤ੍ਰਿਲੋਕ ਸਿੰਘ, ਇੰਦਰ ਜੀਤ ਸਿੰਘ, ਸਵਰਨ ਸਿੰਘ, ਬਲਜੀਤ ਸਿੰਘ, ਹਰਬੰਸ ਸਿੰਘ, ਬੂਟਾ ਸਿੰਘ ਤੋਂ ਇਲਾਵਾ ਹੋਰ ਪੈਨਸ਼ਨਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਸਤਵਿੰਦਰ ਬੁੱਗਾ ਦੀ ਭਰਜਾਈ ਦਾ ਡਾਕਟਰਾਂ ਦੇ ਬੋਰਡ ਵੱਲੋਂ ਪੋਸਟਮਾਰਟਮ

23 ਦਸੰਬਰ ਨੂੰ ਭੇਤਭਰੇ ਹਾਲਾਤ 'ਚ ਮੌਤ ਹੋ ਜਾਣ 'ਤੇ ਗਾਇਕ ਬੁੱਗਾ 'ਤੇ ਲੱਗੇ ਸਨ ਦੋਸ਼

ਹਸਪਤਾਲ ਦੀ ਮੌਰਚਰੀ ਦੇ ਬਾਹਰ ਖੜੇ ਮ੍ਰਿਤਕਾ ਦੇ ਰਿਸ਼ਤੇਦਾਰ।

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)- ਡਾਕਟਰਾਂ ਦੇ ਇੱਕ ਬੋਰਡ ਵੱਲੋਂ ਸਿਵਲ ਹਸਪਤਾਲ ਫ਼ਤਹਿਗੜ੍ਹ ਸਹਿਬ ਵਿਖੇ ਮ੍ਰਿਤਕਾ ਅਮਰਜੀਤ ਕੌਰ ਵਾਸੀ ਪਿੰਡ ਮੁਕਾਰੋਂਪੁਰ ਦੀ ਲਾਸ਼ ਦਾ ਪੋਸਟਮਾਰਟਮ ਕੀਤਾ ਗਿਆ।ਦੱਸਣਯੋਗ ਹੈ ਕਿ ਮ੍ਰਿਤਕਾ ਅਮਰਜੀਤ ਕੌਰ ਉੱਘੇ ਪੰਜਾਬੀ ਗਾਇਕ ਸਤਵਿੰਦਰ ਬੁੱਗਾ ਦੀ ਸਕੀ ਭਰਜਾਈ ਸੀ ਤੇ ਮ੍ਰਿਤਕਾ ਦੇ ਪਤੀ ਦਵਿੰਦਰ ਸਿੰਘ ਦਾ ਆਪਣੇ ਭਰਾ ਸਤਵਿੰਦਰ ਬੁੱਗਾ ਨਾਲ ਜ਼ਮੀਨ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ, ਜਿਸ ਦੇ ਚੱਲਦਿਆਂ ਬੀਤੀ 23 ਦਸੰਬਰ ਨੂੰ ਅਮਰਜੀਤ ਕੌਰ ਦੀ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਮ੍ਰਿਤਕਾ ਦੇ ਪਤੀ ਦਵਿੰਦਰ ਸਿੰਘ ਭੋਲਾ ਨੇ ਸਤਵਿੰਦਰ ਬੁੱਗਾ ਨੂੰ ਅਮਰਜੀਤ ਕੌਰ ਦੀ ਮੌਤ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਗੰਭੀਰ ਦੋਸ਼ ਲਗਾਏ ਸਨ।ਮਾਮਲੇ ਦੀ ਜਾਂਚ ਕਰ ਰਹੇ ਥਾਣਾ ਬ੡ਾਲੀ ਆਲਾ ਸਿੰਘ ਦੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਬੀਤੀ 23 ਦਸੰਬਰ 23 ਨੂੰ ਅਮਰਜੀਤ ਕੌਰ ਦੀ ਮੌਤ ਹੋ ਗਈ ਸੀ, ਜਿਸ ਸਬੰਧੀ ਮ੍ਰਿਤਕਾ ਦੇ ਪਤੀ ਦਵਿੰਦਰ ਸਿੰਘ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਪਾਈ ਗਈ ਸੀ, ਜਿਸ ਦੇ ਸਬੰਧ 'ਚ ਮਾਨਯੋਗ ਅਦਾਲਤ ਨੇ ਬੀਤੇ ਕੱਲ੍ਹ ਆਦੇਸ਼ ਦਿੱਤੇ ਸਨ ਕਿ ਡਾਕਟਰਾਂ ਦੇ ਬੋਰਡ ਤੋਂ ਮ੍ਰਿਤਕਾ ਦਾ ਪੋਸਟਮਾਰਟਮ ਕਰਵਾਇਆ ਜਾਵੇ, ਜਿਸ 'ਤੇ ਅਦਾਲਤ ਦੇ ਹੁਕਮਾਂ ਅਨੁਸਾਰ ਅੱਜ ਫਾਰੈਂਸਿਕ ਤੇ ਵੱਖ-ਵੱਖ ਮਾਹਰ ਡਾਕਟਰਾਂ ਦੀ ਟੀਮ 'ਤੇ ਆਧਾਰਤ ਬੋਰਡ ਵੱਲੋਂ ਲਾਸ਼ ਦਾ ਪੋਸਟਮਾਰਟਮ ਕੀਤਾ ਗਿਆ ਹੈ, ਜਿਨ੍ਹਾਂ ਦੀ ਰਿਪੋਰਟ 'ਚ ਜੋ ਵੀ ਤੱਥ ਸਾਹਮਣੇ ਆਉਣਗੇ, ਉਨ੍ਹਾਂ ਮੁਤਾਬਿਕ ਅਗਲੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।ਉਨ੍ਹਾਂ ਦੱਸਿਆ ਕਿ ਫਿਲਹਾਲ ਇਸ ਮਾਮਲੇ 'ਚ ਅ/ਧ 174 ਸੀ.ਆਰ.ਪੀ.ਸੀ. ਤਹਿਤ ਕਾਰਵਾਈ ਅਮਲ 'ਚ ਲਿਆਂਦੀ ਗਈ ਹੈ।

ਨੌਜਵਾਨ ਦੀ ਸ਼ੱਕੀ ਹਾਲਤਾਂ 'ਚ ਮੌਤ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਸ਼ਹਿਰ ਦੀ ਬਸਤੀ ਨਿਜ਼ਾਮਦੀਨ ਵਾਸੀ ਇੱਕ ਨੌਜਵਾਨ ਦੀ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਗਈ।ਮ੍ਰਿਤਕਾ ਦੇ ਪਿਤਾ ਨੇ ਇਲਾਕਾ ਨਿਵਾਸੀ ਔਰਤ ਤੇ ਇੱਕ ਅਣਪਛਾਤੇ ਵਿਅਕਤੀ ਖਿਲਾਫ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ।ਪੁਲਸ ਨੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਮ੍ਰਿਤਕ ਗੁਰਪ੍ਰੀਤ ਸਿੰਘ ਦੇ ਪਿਤਾ ਮੋਹਨ ਸਿੰਘ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਵਿਆਹਿਆ ਹੋਇਆ ਸੀ, ਪਰ ਇੱਕ ਸਾਲ ਪਹਿਲਾਂ ਉਹ ਮਾੜੀ ਸੰਗਤ ਵਿੱਚ ਪੈ ਗਿਆ।ਮੁਹੱਲੇ ਦੀ ਰਹਿਣ ਵਾਲੀ ਔਰਤ ਦੇ ਘਰ ਆਉਣਾ-ਜਾਣਾ ਸ਼ੁਰੂ ਕਰ ਦਿੱਤਾ।ਫਿਰ ਉਹ ਉਸ ਦੇ ਘਰ ਰਹਿਣ ਲੱਗ ਪਿਆ।ਬੀਤੀ 28 ਦਸੰਬਰ 2023 ਨੂੰ ਸ਼ਾਮ ਚਾਰ ਵਜੇ ਔਰਤ ਗੁਰਪ੍ਰੀਤ ਸਿੰਘ ਨੂੰ ਘਰ ਛੱਡ ਕੇ ਚਲੀ ਗਈ।ਕੁਝ ਸਮੇਂ ਬਾਅਦ ਗੁਰਪ੍ਰੀਤ ਸਿੰਘ ਦੀ ਤਬੀਅਤ ਵਿਗੜ ਗਈ ਤੇ ਉਸ ਨੂੰ ਇਲਾਜ ਲਈ ਪਹਿਲਾਂ ਨਿੱਜੀ ਹਸਪਤਾਲ ਅਤੇ ਫਿਰ ਦੂਜੇ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਉਸ ਦਾ ਇਲਾਜ ਕਰ ਰਹੇ ਡਾਕਟਰਾਂ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਨੇ ਕੋਈ ਜ਼ਹਿਰੀਲੀ ਦਵਾਈ ਖਾ ਲਈ ਸੀ, ਜਿਸ ਕਾਰਨ ਉਸ ਦੀ ਸਿਹਤ ਵਿਗੜ ਗਈ ਸੀ। ਇਸ ਤੋਂ ਬਾਅਦ ਜਦੋਂ ਡਾਕਟਰ ਨੇ ਉਸ ਨੂੰ ਛੁੱਟੀ ਦੇ ਦਿੱਤੀ ਤਾਂ ਉਹ ਆਪਣੇ ਬੇਟੇ ਨੂੰ ਘਰ ਲੈ ਆਇਆ, ਪਰ 4 ਜਨਵਰੀ ਨੂੰ ਉਸ ਦੀ ਤਬੀਅਤ ਦੁਬਾਰਾ ਵਿਗੜਨ 'ਤੇ ਉਸ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਉਪਰੋਕਤ ਸ਼ਿਕਾਇਤ ਦੇ ਆਧਾਰ 'ਤੇ ਥਾਣਾ ਸਦਰ ਫ਼ਿਰੋਜ਼ਪੁਰ ਨੇ ਉਕਤ ਔਰਤ ਤੇ ਇੱਕ ਅਣਪਛਾਤੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

ਕਾਤਰਾਂ

ਪੱਤਰਕਾਰ ਚਹਿਲ ਨੂੰ ਸਦਮਾ, ਨਾਨੀ ਦਾ ਦੇਹਾਂਤ

ਮਹਿਲ ਕਲਾਂ (ਪੱਤਰ ਪ੍ਰੇਰਕ)- ਅਦਾਰਾ ਡੀ. ਡੀ. ਐੱਸ. ਨਿਊਜ਼ ਦੇ ਸਟਾਫ ਰਿਪੋਰਟਰ ਪ੍ਰਦੀਪ ਸਿੰਘ ਚਹਿਲ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਨਾਨੀ ਮਾਤਾ ਪ੍ਰੀਤਮ ਕੌਰ ਅਚਾਨਕ ਅਕਾਲ ਚਲਾਣਾ ਕਰ ਗਏ, ਜਿਨ੍ਹਾਂ ਦਾ ਅੰਤਿਮ ਸੰਸਕਾਰ ਪਿੰਡ ਧੂਰਾ (ਧੂਰੀ) ਵਿਖੇ ਕੀਤਾ ਗਿਆ। ਅੰਤਿਮ ਸੰਸਕਾਰ ਸਮੇਂ ਡੀ ਡੀ ਐੱਸ ਨਿਊਜ਼ ਚੈਨਲ ਦੇ ਐੱਮ ਡੀ ਸ੍ਰ. ਸੁਖਵਿੰਦਰ ਸਿੰਘ ਪਲਾਹਾ, ਬਲਜੀਤ ਸਿੰਘ ਬਾਂਸਲ, ਹਰਪਾਲ ਸਿੰਘ, ਗੁਲਜ਼ਾਰ ਸਿੰਘ, ਸਮਾਜ ਸੇਵੀ ਡਾਕਟਰ ਪਰਮਿੰਦਰ ਸਿੰਘ, ਡਾਕਟਰ ਅਮਰਜੀਤ ਸਿੰਘ, ਮਿਸਤਰੀ ਨਿਰਮਲ ਸਿੰਘ, ਜਗਵਿੰਦਰ ਸਿੰਘ, ਗੁਰਵਿੰਦਰ ਸਿੰਘ, ਜਗਦੇਵ ਸਿੰਘ, ਬਖਸ਼ੀਸ਼ ਸਿੰਘ, ਪੰਚ ਸੁਰਜੀਤ ਸਿੰਘ, ਜਗਤਾਰ ਸਿੰਘ ਨੰਬਰਦਾਰ, ਗੁੰਮਟੀ ਤੋਂ ਖੇੜੀ ਪਰਿਵਾਰ ਤੇ ਪ੍ਰੈੱਸ ਕਲੱਬ ਮਹਿਲ ਕਲਾਂ ਆਦਿ ਨੇ ਚਹਿਲ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਤੋਂ ਇਲਾਵਾ ਸਿਆਸੀ ਆਗੂ ਤੇ ਸਮੂਹ ਰਿਸ਼ਤੇਦਾਰਾਂ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ। ਮਾਤਾ ਪ੍ਰੀਤਮ ਕੌਰ ਦੀ ਅੰਤਿਮ ਅਰਦਾਸ 9 ਜਨਵਰੀ ਨੂੰ 12 ਤੋਂ 1 ਵਜੇ ਤੱਕ ਗੁਰਦੁਆਰਾ ਸਾਹਿਬ ਪਿੰਡ ਧੂਰਾ ਵਿਖੇ ਹੋਵੇਗੀ।

ਬੰਦੇ ਭਾਰਤ ਐਕਸਪ੍ਰੈੱਸ ਦਾ ਸਰਹਿੰਦ ਸਟੇਸ਼ਨ 'ਤੇ ਠਹਿਰਾਓ ਦੀ ਮੰਗ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)- ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਤੋਂ ਇਲਾਵਾ ਸਰਹਿੰਦ-ਫ਼ਤਹਿਗੜ੍ਹ ਸਾਹਿਬ ਵਿਖੇ ਰੌਜ਼ਾ ਸ਼ਰੀਫ਼, ਮਾਤਾ ਸ੍ਰੀ ਚਰਕੇਸ਼ਵਰੀ ਦੇਵੀ ਜੈਨ ਮੰਦਰ ਸਣੇ ਅਨੇਕਾਂ ਹੀ ਅਹਿਮ ਧਾਰਮਿਕ ਤੇ ਇਤਿਹਾਸਕ ਸਥਾਨ ਹਨ, ਜਿਨਾਂ ਦੇ ਦਰਸ਼ਨ ਕਰਨ ਲਈ ਵੱਡੀ ਤਾਦਾਤ 'ਚ ਸ਼ਰਧਾਲੂ ਤੇ ਯਾਤਰੀ ਇੱਥੇ ਆਉਂਦੇ ਹਨ। ਇਸ ਲਈ ਇੱਥੋਂ ਦੀ ਧਾਰਮਿਕ ਤੇ ਇਤਿਹਾਸਕ ਮਹੱਤਤਾ ਨੂੰ ਧਿਆਨ 'ਚ ਰੱਖਦੇ ਹੋਏ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਦਿੱਲੀ ਵਿਚਾਲੇ ਸ਼ੁਰੂ ਕੀਤੀ ਗਈ 'ਬੰਦੇ ਭਾਰਤ ਐਕਸਪ੍ਰੈੱਸ' ਰੇਲਗੱਡੀ ਦਾ 2 ਮਿੰਟ ਦਾ ਠਹਿਰਾਓ ਸਰਹਿੰਦ ਰੇਲਵੇ ਸਟੇਸ਼ਨ 'ਤੇ ਜ਼ਰੂਰ ਕੀਤਾ ਜਾਵੇ, ਤਾਂ ਜੋ ਸ਼ਰਧਾਲੂਆਂ, ਯਾਤਰੀਆਂ ਤੇ ਇਲਾਕਾ ਵਾਸੀਆਂ ਨੂੰ ਕੁਝ ਸੌਖ ਹੋ ਸਕੇ। ਉਪਰੋਕਤ ਵਿਚਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਮੰਗ ਸਬੰਧੀ ਲਿਖੀ ਗਈ ਚਿੱਠੀ ਦੀ ਕਾਪੀ ਪ੍ਰੈੱਸ ਨੂੰ ਜਾਰੀ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਜਥੇਦਾਰ ਜਗਦੀਪ ਸਿੰਘ ਚੀਮਾ ਨੇ ਪ੍ਰਗਟ ਕੀਤੇ।

ਰਾਮ ਮੰਦਰ ਦੀ ਖੁਸ਼ੀ 'ਚ ਲੰਗਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਛਾਉਣੀ ਦੀ ਦੁਕਾਨ 'ਤੇ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਅਯੋਧਿਆ ਧਾਮ ਵਿੱਚ ਭਗਵਾਨ ਰਾਮ ਦੇ ਵਿਸ਼ਾਲ ਮੰਦਰ ਦੀ ਉਸਾਰੀ ਦੀ ਖੁਸ਼ੀ ਵਿੱਚ ਚਾਹ ਦਾ ਲੰਗਰ ਲਗਾਇਆ ਗਿਆ। ਵਿਜੇ ਕੱਕੜ ਨੇ ਦੱਸਿਆ ਕਿ 500 ਸਾਲ ਦੀ ਲੰਬੀ

8JAN-PAGE-6-2024-G.qxd 1/7/2024 9:39 PM Page 1

ਸੀਨੀਅਰ ਸਿਟੀਜ਼ਨਾਂ ਦੀ ਮੀਟਿੰਗ 'ਚ ਮੁੜ ਪਾਣੀ ਦੀ ਖੁਰ ਦਾ ਮਾਮਲਾ ਗੂੰਜਿਆ

ਸੀਨੀਅਰ ਸਿਟੀਜ਼ਨਾਂ ਦਾ ਸਨਮਾਨ ਕਰਦੇ ਹੋਏ ਐਸੋਸੀਏਸ਼ਨ ਦੇ ਆਗੂ।

ਧੂਰੀ (ਬਿੰਨੀ ਗਰਗ)-ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੀ ਜਗਦੀਸ਼ ਸ਼ਰਮਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸੀਨੀਅਰ ਆਗੂ ਸਾਥੀ ਗੁਰਦੀਪ ਸਿੰਘ ਸਾਰੋਂ ਵੱਲੋਂ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੀਆਂ ਮੁਬਾਰਕਾਂ ਦਿੰਦਿਆਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਮੀਟਿੰਗ ਦੇ ਵੇਰਵੇ ਪ੍ਰੈੱਸ ਨੂੰ ਜਾਰੀ ਕਰਦਿਆਂ ਜਨਰਲ ਸਕੱਤਰ ਸਰਬਜੀਤ ਸਿੰਘ ਰਾਜੋਮਾਜਰਾ ਨੇ ਦੱਸਿਆ ਕਿ ਗੁਰਮੀਤ ਸਿੰਘ ਆਨੰਦ ਤੇ ਹਰਜਿੰਦਰ ਸਿੰਘ ਢੀਂਡਸਾ ਵੱਲੋਂ ਗੁਰੂ ਜੀ ਬਾਰੇ ਗੀਤ ਤੇ ਕਵਿਤਾਵਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਗੁਰਦੀਪ ਸਿੰਘ ਸਾਰੋਂ ਵੱਲੋਂ ਪਿਛਲੇ ਪੂਰਾ ਮਹੀਨਾ ਕੀਤੀ ਪੀਣ ਵਾਲੇ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਕੀਤੀਆਂ ਗਤੀਵਿਧੀਆਂ ਤੇ ਰੇਲਵੇ ਲਾਈਨ ਪਾਰਲੇ ਇਲਾਕੇ ਲਈ ਸੀਵਰੇਜ ਦੇ ਡਿਸਪੋਜ਼ਲ ਉਪਰ ਵੱਡੀਆਂ ਮੋਟਰਾਂ ਲਗਾਉਣ, ਸੀਵਰੇਜ ਟਰੀਟਮੈਂਟ ਪਲਾਂਟ ਲਗਾਉਣ ਲਈ ਜਗ੍ਹਾ ਤੇ ਸ਼ਹਿਰ ਅੰਦਰ ਨਵੇਂ ਟਿਊਬਵੈੱਲਾਂ ਲਈ ਜਗ੍ਹਾ ਦੀ ਨਿਸ਼ਾਨਦੇਹੀ ਦੇ ਕੀਤੇ ਯਤਨਾਂ, ਕਾਰਵਾਈ, ਲਿਖਾਪੜੀ ਤੋਂ ਇਲਾਵਾ ਡਿਪਟੀ ਕਮਿਸ਼ਨਰ, ਐਡੀਸ਼ਨਲ ਡਿਪਟੀ ਕਮਿਸ਼ਨਰ, ਕਾਰਜ ਸਾਧਕ ਅਫਸਰ, ਓ.ਐੱਸ.ਡੀ. ਟੂ ਮੁੱਖ ਮੰਤਰੀ ਤੇ ਮੁੱਖ ਮੰਤਰੀ ਦੀ ਧਰਮਪਤਨੀ ਨੂੰ ਮਿਲ ਕੇ ਉਪਰੋਕਤ ਸਮੱਸਿਆਵਾਂ ਦੇ ਫੌਰੀ ਹੱਲ ਕਰਨ 'ਤੇ ਜ਼ੋਰ ਦਿੱਤਾ ਗਿਆ, ਬਾਰੇ ਜਾਣਕਾਰੀ ਦਿੱਤੀ। ਜਥੇਬੰਦੀ ਦੀ ਰਵਾਇਤ ਅਨੁਸਾਰ ਇਸ ਮਹੀਨੇ ਜਨਮੇ ਸਾਥੀਆਂ ਨੂੰ ਸਨਮਾਨਤ ਕਰਕੇ ਉਨ੍ਹਾਂ ਦੀ ਲੰਮੀ ਉਮਰ ਲਈ ਕਾਮਨਾ ਕੀਤੀ ਗਈ। ਜਥੇਬੰਦੀ ਦੇ ਪ੍ਰਮੁੱਖ ਆਗੂ ਹਰਦੀਪ ਸਿੰਘ ਦਾ ਰਿਟਾਇਰਡ ਮਿਉਂਸਪਲ ਯੂਨੀਅਨ ਦੇ ਪ੍ਰਧਾਨ ਚੁਣੇ ਜਾਣ 'ਤੇ ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ।

ਪੇਂਡੂ ਜਲ ਸਪਲਾਈ ਸਕੀਮਾਂ ਦੇ ਨਿੱਜੀਕਰਨ ਦੀਆਂ ਨੀਤੀਆਂ ਦਾ ਵਿਰੋਧ ਕੀਤਾ ਜਾਵੇਗਾ : ਵਰਿੰਦਰ ਮੋਮੀ

ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਮੀਡੀਆ ਨੂੰ ਜਾਣਕਾਰੀ ਦਿੰਦੇ।

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸੂਬੇ ਦੇ ਪੇਂਡੂ ਖੇਤਰ ਵਿੱਚ ਵਸੇ ਲੋਕਾਂ ਦੇ ਪੀਣ ਵਾਲੇ ਪਾਣੀ ਦੀ ਬੁਨਿਆਦੀ ਸਹੂਲਤ ਮੁਹੱਈਆ ਕਰਵਾ ਰਹੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧੀਨ ਚੱਲ ਰਹੀਆਂ ਪੇਂਡੂ ਜਲ ਸਪਲਾਈ ਸਕੀਮਾਂ ਦਾ ਨਿੱਜੀਕਰਨ/ਪੰਚਾਇਤੀਕਰਨ ਕਰਨ ਵਾਲੀਆਂ ਪੰਜਾਬ ਸਰਕਾਰ ਦੀਆਂ ਨੀਤੀਆਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਜਿਨ੍ਹਾਂ ਦਾ ਪੁਰਜ਼ੋਰ ਵਿਰੋਧ ਕੀਤਾ ਜਾਵੇਗਾ ਤੇ ਇਹ ਲੋਕ ਮਾਰੂ ਨੀਤੀਆਂ ਨੂੰ ਰੱਦ ਕਰਵਾਉਣ ਅਤੇ ਪਿਛਲੇ ਸਾਲਾਂਬੱਧੀ ਅਰਸੇ ਤੋਂ ਇਨ੍ਹਾਂ ਪੇਂਡੂ ਜਲ ਸਪਲਾਈ ਸਕੀਮਾਂ ਤੇ ਸੇਵਾਵਾਂ ਦੇ ਰਹੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਸਬੰਧਤ ਵਿਭਾਗ ਵਿਚ ਮਰਜ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਵਾਉਣ ਦੀ ਮੰਗ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.) ਵੱਲੋਂ ਚੱਲ ਰਹੇ ਸੰਘਰਸ਼ ਨੂੰ ਲੋੜ ਪੈਣ 'ਤੇ ਤਿੱਖਾ ਕੀਤਾ ਜਾਵੇਗਾ, ਜਿਸ ਦੀ ਤਿਆਰੀ ਲਈ ਸੂਬਾ ਵਰਕਿੰਗ ਕਮੇਟੀ ਵੱਲੋਂ 9 ਜਨਵਰੀ 2024 ਨੂੰ ਲੁਧਿਆਣਾ ਵਿਖੇ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਬੁਲਾਈ ਗਈ ਹੈ।ਇਸ ਸਬੰਧੀ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਮੌਜੂਦਾ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਸਾਡੀ ਸਰਕਾਰ ਬਣਨ ਉਪਰੰਤ ਸਰਕਾਰੀ ਵਿਭਾਗਾਂ ਵਿੱਚ ਠੇਕਾ ਪ੍ਰਣਾਲੀ ਅਧੀਨ ਸੇਵਾਵਾ ਨਿਭਾਅ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਮੁਲਾਜ਼ਮਾਂ ਸਬੰਧਤ ਵਿਭਾਗਾਂ ਵਿੱਚ ਰੈਗੂਲਰ ਕੀਤਾ ਜਾਵੇਗਾ, ਜਿਸ ਲਈ ਸਾਡੀ ਸਰਕਾਰ ਹਰ ਹੀਲਾ ਕਰੇਗੀ ਤੇ ਲੋੜ ਪੈਣ 'ਤੇ ਜੇਕਰ ਸਾਡੀ ਸਰਕਾਰ ਨੂੰ ਅਦਾਲਤ ਵੀ ਜਾਣਾ ਪਿਆ ਤਾਂ ਪਿੱਛੇ ਨਹੀਂ ਹਟੇਗੀ, ਪਰ ਹੁਣ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਠੇਕਾ ਮੁਲਾਜ਼ਮਾਂ ਨਾਲ ਕੀਤੇ ਵਾਅਦਿਆਂ ਤੋਂ ਬਿਲਕੁਲ ਉਲਟ ਤੇ ਪਹਿਲੀਆਂ ਅਕਾਲੀ ਤੇ ਕਾਂਗਰਸੀ ਸਰਕਾਰਾਂ ਵਾਂਗ ਹੀ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਅਧੀਨ ਚੱਲ ਰਹੀਆਂ ਪੇਂਡੂ ਜਲ ਸਪਲਾਈ ਸਕੀਮਾਂ ਦਾ ਨਿੱਜੀਕਰਨ/ਪੰਚਾਇਤੀਕਰਨ ਦੀਆਂ ਲੋਕ ਤੇ ਠੇਕਾ ਮੁਲਾਜ਼ਮਾਂ ਦੇ ਵਿਰੋਧੀ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਨੂੰ ਕਈ ਵਾਰ ਮੰਗ-ਪੱਤਰ ਤੇ ਯਾਦ ਪੱਤਰ ਭੇਜੇ ਗਏ ਹਨ।ਇਹ ਪੱਤਰ ਸਿੱਧੇ ਮੁੱਖ ਮੰਤਰੀ ਤੇ ਆਪ ਦੇ ਵਿਧਾਇਕਾਂ ਅਤੇ ਕੈਬਨਿਟ ਮੰਤਰੀਆਂ ਦੇ ਰਾਹੀ ਵੀ ਭੇਜੇ ਗਏ ਹਨ।ਮੁੱਖ ਮੰਤਰੀ ਦੇ ਨਾਲ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਨੂੰ 19 ਵਾਰ ਲਿਖਤੀ ਰੂਪ ਵਿਚ ਮੀਟਿੰਗ ਦਾ ਸਮਾਂ ਦਿੱਤਾ ਗਿਆ, ਪਰ ਤ੍ਰਾਸਦੀ ਇਹ ਰਹੀ ਹੈ ਕਿ ਐਨ ਮੌਕੇ 'ਤੇ ਮੁੱਖ ਮੰਤਰੀ ਪੰਜਾਬ ਵੱਲੋਂ ਮੀਟਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਜਸਸ ਵਿਭਾਗ ਦੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਤਜਰਬੇ ਦੇ ਅਧਾਰ 'ਤੇ ਵਿਭਾਗ 'ਚ ਲੈ ਕੇ ਪੱਕਾ ਰੁਜ਼ਗਾਰ ਕਰਨ ਦੀ ਪ੍ਰਮੁੱਖ ਮੰਗ ਦੇ ਸਬੰਧ ਵਿੱਚ ਪੰਜਾਬ ਸਰਕਾਰ ਦੇ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਦੇ ਜਾਰੀ ਨੋਟੀਫਿਕੇਸ਼ਨ ਨੰ.1/217/2022-3ਕੈਬ/5527, ਮਿਤੀ 12-12-2022 ਰਾਹੀ ਗਠਿਤ ਕੈਬਨਿਟ 'ਸਬ-ਕਮੇਟੀ' ਮੈਂਬਰ-ਕਮ-ਮੰਤਰੀ ਸਾਹਿਬਾਨ ਦੇ ਨਾਲ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀਆਂ 4 ਪੈਨਲ ਮੀਟਿੰਗਾਂ ਵੀ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਪੰਜਾਬ ਸਰਕਾਰ ਤੇ ਵਿਭਾਗੀ ਅਧਿਕਾਰੀਆਂ ਦੇ ਨਾਲ ਬਣੀ ਸਹਿਮਤੀ ਦੇ ਮੁਤਾਬਕ ਵਰਕਰਾਂ ਦੇ ਪੱਕੇ ਰੁਜ਼ਗਾਰ ਲਈ ਪਾਲਸੀ (ਕੇਸ) ਤਿਆਰ ਨਹੀਂ ਕੀਤੀ ਗਈ ਹੈ।ਆਏ ਦਿਨ ਸਰਕਾਰ ਤੇ ਮੈਨੇਜਮੈਂਟ ਵੱਲੋਂ ਵਰਕਰ ਵਿਰੋਧੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਕਾਰਨ ਯੂਨੀਅਨ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਅਜਿਹੇ ਹਾਲਾਤ ਵਿੱਚ ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਕੋਲ ਆਪਣੇ ਕੱਚੇ ਪਿੱਲੇ ਰੁਜ਼ਗਾਰ ਨੂੰ ਬਚਾਉਣ, ਵਿਭਾਗ 'ਚ ਮਰਜ ਕਰਕੇ ਪੱਕਾ ਕਰਵਾਉਣ, ਪੇਂਡੂ ਜਲ ਸਪਲਾਈ ਸਕੀਮਾਂ ਦਾ ਨਿੱਜੀਕਰਨ/ਪੰਚਾਇਤੀਕਰਨ ਦੀਆਂ ਨੀਤੀਆਂ ਨੂੰ ਰੱਦ ਕਰਨ ਤੇ ਗੁਜ਼ਾਰੇ ਯੋਗ ਤਨਖਾਹ ਦੀ ਪ੍ਰਾਪਤੀ ਲਈ ਸੰਘਰਸ਼ ਤੋਂ ਬਿਨਾਂ ਹੋਰ ਕੋਈ ਰਾਹ ਹੀ ਬਾਕੀ ਨਹੀਂ ਹੈ।

ਵਿਧਾਇਕ ਦਹੀਆ ਨੇ ਮੁੱਖ ਮੰਤਰੀ ਤੀਰਥ ਯਾਤਰਾ ਬੱਸ ਨੂੰ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ

'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਯਾਤਰੀ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਦੇ ਹੋਏ ਵਿਧਾਇਕ ਰਜਨੀਸ਼ ਦਹੀਆ।

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਅੱਜ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਰਜਨੀਸ਼ ਦਹੀਆ ਨੇ ਹਲਕੇ ਕੇ ਯਾਤਰੀਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਵਿਧਾਇਕ ਦਹੀਆ ਨੇ ਫਿਰੋਜ਼ਪੁਰ ਦਿਹਾਤੀ ਹਲਕੇ ਤੋਂ ਸ੍ਰੀ ਆਨੰਦਪੁਰ ਸਾਹਿਬ ਤੇ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਯਾਤਰਾ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ ਕਰਨ ਮੌਕੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਸਕੀਮ ਦੇ ਸ਼ੁਰੂ ਹੋਣ ਪੰਜਾਬ ਵਾਸੀਆਂ ਨੂੰ ਦੇਸ਼ ਭਰ ਵਿੱਚ ਵੱਖ-ਵੱਖ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਜਾਣ ਵਾਸਤੇ ਮੁਫ਼ਤ ਸਫ਼ਰ ਦੀ ਸਹੂਲਤ ਮੁਹੱਈਆ ਕਰਵਾਈ ਗਈ ਹੈ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਇਸ ਸਕੀਮ ਦੀ ਰਾਜ ਭਰ ਵਿੱਚ ਲੋਕਾਂ ਵੱਲੋਂ ਸਰਾਹਨਾ ਕੀਤੀ ਜਾ ਰਹੀ ਹੈ ਤੇ ਲੋਕ ਇਸ ਦਾ ਵੱਧ ਤੋਂ ਵੱਧ ਲਾਭ ਉਠਾ ਰਹੇ ਹਨ।ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਫਿਰੋਜ਼ਪੁਰ ਦਿਹਾਤੀ ਹਲਕੇ ਤੋਂ ਸੰਗਤ ਨੂੰ ਸ੍ਰੀ ਆਨੰਦਪੁਰ ਸਾਹਿਬ ਤੇ ਤਲਵੰਡੀ ਸਾਬੋ ਯਾਤਰਾ ਕਰਵਾਈ ਜਾਵੇਗੀ।ਉਨ੍ਹਾ ਕਿਹਾ ਕਿ ਯਾਤਰਾ 'ਤੇ ਜਾਣ ਵਾਲੇ ਯਾਤਰੀਆਂ ਦਾ ਮੈਡੀਕਲ ਕੀਤਾ ਜਾਂਦਾ ਹੈ ਤੇ ਮੁੱਖ ਮੰਤਰੀ ਤੀਰਥ ਯਾਤਰਾ ਵਾਲੇ ਬੈਗ, ਜਿਸ ਵਿੱਚ ਲੋੜੀਂਦੀਆਂ ਵਸਤੂਆਂ ਹਨ, ਉਹ ਵੀ ਯਾਤਰੀਆਂ ਨੂੰ ਦਿੱਤੇ ਜਾਂਦੇ ਹਨ।ਇਸ ਮੌਕੇ ਨਾਇਬ ਤਹਿਸੀਲਦਾਰ ਰਾਕੇਸ਼ ਅਗਰਵਾਲ, ਲਖਵੀਰ ਸਿੰਘ, ਸ਼ਾਮ ਸਿੰਘ, ਮਨੀ ਸੰਧੂ ਆਦਿ ਹਾਜ਼ਰ ਸਨ।

ਸਰ੍ਹੋਂ ਦੀ ਫਸਲ ਦੀਆਂ ਬਿਮਾਰੀਆਂ ਬਾਰੇ ਕਿਸਾਨਾਂ ਨੂੰ ਦਿੱਤੀ ਜਾਣਕਾਰੀ

ਸਰ੍ਹੋਂ ਨੂੰ ਹੋਣ ਵਾਲੀਆਂ ਬਿਮਾਰੀਆਂ ਸੰਬੰਧੀ ਜਾਣਕਾਰੀ ਦਿੰਦੇ ਹੋਏ ਡਾ. ਰੁਪਿੰਦਰ ਕੌਰ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਰਦੀਆਂ ਦੇ ਮੌਸਮ ਵਿੱਚ ਬੀਜੀ ਗਈ ਸਰ੍ਹੋਂ ਦੀ ਫਸਲ ਨੂੰ ਬੀਮਾਰੀਆਂ ਤੋਂ ਬਚਾਉਣ ਲਈ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਕਿਸਾਨਾਂ ਨੂੰ ਕਈ ਤਰ੍ਹਾਂ ਦੀ ਮਹੱਤਵਪੂਰਨ ਜਾਣਕਾਰੀ ਦੇ ਕੇ ਜਾਗਰੂਕ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਤੇਲਬੀਜ ਪ੍ਰਸਾਰ ਅਫ਼ਸਰ ਡਾ. ਰੁਪਿੰਦਰ ਕੌਰ ਨੇ ਦੱਸਿਆ ਕਿ ਸਰਦੀਆਂ ਵਿੱਚ ਸੂਰਜ ਦੀ ਰੌਸ਼ਨੀ ਘਟਣ ਤੇ ਕੋਰਾ ਡਿੱਗਣ ਕਾਰਨ ਨਮੀ ਬਣੀ ਰਹਿੰਦੀ ਹੈ, ਜੋ ਕਿ ਸਰ੍ਹੋਂ ਦੀ ਫਸਲ ਲਈ ਬੀਮਾਰੀਆਂ ਦਾ ਕਾਰਨ ਬਣਦੀ ਹੈ। ਉਨ੍ਹਾ ਦੱਸਿਆ ਕਿ ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਜਿਨ੍ਹਾਂ ਬੂਟਿਆਂ ਵਿੱਚ ਬੀਮਾਰੀ ਵਾਲੇ ਪੱਤੇ ਹੁੰਦੇ ਹਨ, ਉਨ੍ਹਾਂ ਦਾ ਝਾੜ ਵੀ 30 ਫੀਸਦੀ ਘੱਟ ਜਾਂਦਾ ਹੈ, ਇਸ ਲਈ ਕਿਸਾਨ ਵੀਰ ਰੋਜ਼ਾਨਾ ਆਪਣੀ ਫਸਲ ਦਾ ਖੇਤਾਂ ਵਿੱਚ ਜਾ ਕੇ ਜਾਇਜ਼ਾ ਜ਼ਰੂਰ ਲੈਣ। ਡਾ. ਰੁਪਿੰਦਰ ਕੌਰ ਨੇ ਦੱਸਿਆ ਕਿ ਸਰ੍ਹੋਂ ਦੀ ਫਸਲ ਦੇ ਹੇਠਲੇ ਪੱਤਿਆਂ 'ਤੇ ਝੁਲਸ ਰੋਗ ਦੀ ਬੀਮਾਰੀ ਕਾਲੇ ਧੱਬਿਆਂ ਵਿੱਚ ਨਜ਼ਰ ਆਉਂਦੀ ਹੈ ਤੇ ਇਸ ਤੋਂ ਬਚਾਉਣ ਲਈ 2 ਸਪਰੇਆਂ ਟਿਲਟ 200 ਮਿ. ਲੀ., ਫੁਲੀਕਰ 100 ਮਿ.ਲੀ. ਜਾਂ ਸਕੋਰ 100 ਮਿ.ਲੀ. ਪ੍ਰਤੀ ਏਕੜ 100 ਲੀਟਰ ਪਾਣੀ ਵਿੱਚ ਘੋਲ ਕੇ ਪਾਓ। ਇਸ ਤੋਂ ਇਲਾਵਾ ਸਰ੍ਹੋਂ ਦੀ ਫਸਲ ਨੂੰ ਰਾਇਆ ਦੀ ਚਿੱਟੀ ਕੁੰਗੀ ਦੀ ਬੀਮਾਰੀ ਵੀ ਪੱਤਿਆਂ ਦੇ ਹੇਠਲੇ ਪਾਸੇ ਚਿੱਟੇ ਧੱਬਿਆਂ ਵਿੱਚ ਨਜ਼ਰ ਆਉਂਦੀ ਹੈ ਤੇ ਇਹ ਬੀਮਾਰੀ ਫਲੀਆਂ ਵਿੱਚ ਬੀਜ ਬਨਣ ਤੋਂ ਰੋਕਦੀ ਹੈ। ਇਸ ਤੋਂ ਬਚਣ ਵਾਸਤੇ 250 ਗ੍ਰਾਮ ਰਿਡੋਮਿਲ ਦਵਾਈ ਦਾ ਛਿੜਕਾਅ ਬੀਜਾਈ ਦੇ 60 ਤੋਂ 80 ਦਿਨ ਬਾਅਦ ਕੀਤਾ ਜਾਵੇ। ਡਾ. ਰੁਪਿੰਦਰ ਕੌਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਸਰ੍ਹੋਂ ਦੀ ਫਸਲ ਨੂੰ ਤਣੇ ਗਲ਼ਣ ਦੀ ਬੀਮਾਰੀ ਵੀ ਲੱਗ ਜਾਂਦੀ ਹੈ ਜੋ ਕਿ ਫਰਵਰੀ ਮਹੀਨੇ ਵਿੱਚ ਸ਼ੁਰੂ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਜਿਹਾ ਕੋਈ ਬੂਟਾ ਨਜ਼ਰ ਆਉਂਦਾ ਹੈ ਤਾਂ ਉਸ ਨੂੰ ਪੁੱਟ ਕੇ ਅਲੱਗ ਸਾੜ ਦੇਣਾ ਚਾਹੀਦਾ ਹੈ। ਇਸ ਬੀਮਾਰੀ ਤੋਂ ਬਚਾਅ ਲਈ 15 ਜਨਵਰੀ ਤੱਕ ਖੇਤਾਂ ਨੂੰ ਪਾਣੀ ਨਹੀਂ ਦੇਣਾ ਚਾਹੀਦਾ।

ਸਿਵਲ ਸਰਜਨ ਨੇ ਕੀਤਾ ਸਿਵਲ ਹਸਪਤਾਲ ਦਾ ਦੌਰਾ

ਜਗਰਾਉਂ (ਅਮਿਤ ਖੰਨਾ)-ਸਿਵਲ ਸਰਜਨ ਜਸਵੀਰ ਸਿੰਘ ਔਲਖ ਵੱਲੋਂ ਜਗਰਾਉਂ ਸਿਵਲ ਹਸਪਤਾਲ ਦਾ ਦੌਰਾ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਦੱਸਿਆ ਕਿ ਇਹ ਕੋਈ ਚੈਕਿੰਗ ਜਾਂ ਕਿਸੇ ਦੀ ਸ਼ਿਕਾਇਤ ਤੇ ਛਾਪੇਮਾਰੀ ਨਹੀਂ ਹੈ, ਇਹ ਇੱਕ ਰੂਟੀਨ ਚੈਕਿੰਗ ਹੈ, ਜੋ ਸਮੇਂ ਸਮੇਂ 'ਤੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਕੀਤੀ ਜਾਂਦੀ ਹੈ। ਇਸ ਚੈਕਿੰਗ ਵਿੱਚ ਹਸਪਤਾਲਾਂ ਦੇ ਸਟਾਫ ਨਾਲ ਗੱਲਬਾਤ ਸਾਂਝੀ ਕਰਕੇ ਆ ਰਹੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਨ ਦੇ ਸੁਝਾਅ ਦਿੱਤੇ ਤੇ ਲਏ ਜਾਂਦੇ ਹਨ। ਪੱਤਰਕਾਰਾਂ ਨੂੰ ਜਗਰਾਉਂ ਹਸਪਤਾਲ ਦੀਆਂ ਸਿਫਤਾਂ ਗਿਣਾਉਂਦੇ ਉਨ੍ਹਾ ਨੇ ਕਈ ਸਰਟੀਫਿਕੇਟਾਂ ਦੇ ਨਾਂਅ ਲੈ ਦਿੱਤੇ ਜੋ ਕਿ ਜਗਰਾਉਂ ਹਸਪਤਾਲ ਨੂੰ ਮਿਲੇ ਹੋਏ ਹਨ। ਉਨ੍ਹਾ ਕਿਹਾ ਕਿ ਜਗਰਾਉਂ ਦਾ ਹਸਪਤਾਲ ਪਹਿਲਾਂ ਹੀ ਬਹੁਤ ਵਧੀਆ ਹੈ ਤੇ ਹੋਰ ਚੰਗਾ ਕਰਨ ਦੀ ਕੋਸ਼ਿਸ਼ ਕਰਾਂਗੇ। ਪੱਤਰਕਾਰ ਵੱਲੋਂ ਸਿਵਲ ਸਰ

8-JAN-PAGE-7.qxd 1/7/2024 9:33 PM Page 1

ਅਣਦੇਖੀ ਦਾ ਸ਼ਿਕਾਰ ਨਗਰ ਲਹਿਰਾ ਮੁਹੱਬਤ ਹਰ ਖੇਤਰ 'ਚ ਫਾਡੀ

■ ਬੰਦ ਸੇਵਾ ਕੇਂਦਰ ਨੂੰ ਚਾਲੂ ਕਰਨ ਸਮੇਤ ਕੋਈ ਵੀ ਵਾਅਦਾ ਨਹੀਂ ਹੋਇਆ ਵਫ਼ਾ

ਲਹਿਰਾ ਮੁਹੱਬਤ ਵਿਖੇ ਬੰਦ ਪਏ ਸੇਵਾ ਕੇਂਦਰ ਇਮਾਰਤ ਦੀ ਹੋ ਰਹੀ ਖਸਤਾ ਹਾਲਤ।

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)

ਸ਼ਹਿਰੀ ਦਰਜਾ ਪ੍ਰਾਪਤ ਵੱਡੀ ਆਬਾਦੀ ਵਾਲਾ ਨਗਰ ਲਹਿਰਾ ਮੁਹੱਬਤ ਅਣਦੇਖੀ ਦਾ ਸ਼ਿਕਾਰ ਹੋ ਕੇ ਦਿਨ-ਬ-ਦਿਨ ਹਰ ਖੇਤਰ ਵਿੱਚ ਫਾਡੀ ਹੁੰਦਾ ਜਾ ਰਿਹਾ ਹੈ। ਫਰਵਰੀ 2022 ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਲੀਡਰਾਂ ਨੇ ਲਹਿਰਾ ਮੁਹੱਬਤ ਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਕਰਨ ਦੇ ਬੜੇ ਵਾਅਦੇ ਕੀਤੇ ਸਨ। ਮਾਰਚ 2022 ਵਿੱਚ ਪੰਜਾਬ 'ਚ 'ਆਪ' ਸਰਕਾਰ ਬਣਨ ਤੋਂ ਬਾਅਦ ਕਰੀਬ ਪੌਣੇ ਦੋ ਸਾਲ ਲੰਘ ਗਏ, ਪ੍ਰੰਤੂ ਉਪਰਲੇ ਪੱਧਰ ਦੇ ਵਾਅਦਿਆਂ ਦੀ ਗੱਲ ਤਾਂ ਛੱਡੋ ਸਥਾਨਕ ਮਸਲੇ ਤੱਕ ਹੱਲ ਨਹੀਂ ਹੋਏ। ਵੱਡਾ ਮਸਲਾ 'ਨਗਰ ਪੰਚਾਇਤ' ਬਨਾਮ 'ਗ੍ਰਾਮ ਪੰਚਾਇਤ' ਦਾ ਮਸਲਾ ਅਜੇ ਤੱਕ ਕਿਸੇ ਤਣ-ਪੱਤਣ ਨਹੀਂ ਲੱਗਿਆ ਹੈ, ਸਗੋਂ ਇਸ ਮਸਲੇ 'ਤੇ ਧੜੇਬੰਦੀਆਂ ਦਾ ਉਭਾਰ ਨਗਰ ਵਿੱਚ ਭਾਈਚਾਰਕ ਸਾਂਝਾਂ ਲਈ ਮਾਰੂ ਸਾਬਿਤ ਹੋ ਰਿਹਾ ਹੈ।

ਹੋਰ ਕੀਤੇ ਵਾਅਦਿਆਂ 'ਚੋਂ ਲਾਲ ਸਿੰਘ ਬਸਤੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਲਈ ਖੇਡ ਸਟੇਡੀਅਮ, ਛੱਪੜਾਂ ਦੀ ਸਫ਼ਾਈ, ਗੰਦੇ ਪਾਣੀ ਦਾ ਨਿਕਾਸ, ਲਿੰਕ ਸੜਕਾਂ ਦੀ ਮੁਰੰਮਤ, ਨਸ਼ੇ ਦਾ ਸਫ਼ਾਇਆ ਤੇ ਬੰਦ ਪਏ ਸੇਵਾ ਕੇਂਦਰ ਤੇ ਆਰ. ਓ. ਨੂੰ ਚਾਲੂ ਕਰਨ ਆਦਿ ਮੁੱਦਿਆਂ 'ਤੇ ਧਾਰੀ ਹੋਈ ਚੁੱਪੀ ਫਿਕਰਮੰਦੀ ਤੇ ਹੈਰਾਨੀ ਵਾਲੀ ਗੱਲ ਹੈ। ਵਿਸ਼ੇਸ਼ ਇਹ ਕਿ ਅਕਾਲੀ-ਭਾਜਪਾ ਹਕੂਮਤ ਸਮੇਂ ਲੋਕਾਂ ਨੂੰ ਉਨ੍ਹਾਂ ਦੇ ਨੇੜੇ-ਤੇੜੇ ਸਹੂਲਤਾਂ ਦੇਣ ਦੇ ਉਪਰਾਲੇ ਵਜੋਂ ਖੋਲ੍ਹੇ ਇੱਥੋਂ ਦੇ ਸੇਵਾ ਕੇਂਦਰ ਨੂੰ ਸਾਲ 2017 ਵਿੱਚ ਕੈਪਟਨ ਹਕੂਮਤ ਦੇ ਆਉਣ ਤੋਂ ਬਾਅਦ ਜੁਲਾਈ 2018 'ਚ ਬੰਦ ਕਰ ਦਿੱਤਾ ਗਿਆ ਸੀ। ਸੇਵਾ ਕੇਂਦਰ ਦੇ ਬੰਦ ਹੋਣ ਤੋਂ ਬਾਅਦ ਲੋਕਾਂ ਨੇ ਜ਼ੋਰਦਾਰ ਵਿਰੋਧ ਕਰਦਿਆਂ ਇਸ ਨੂੰ ਚਲਦਾ ਰੱਖਵਾਉਣ ਲਈ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸੰਘਰਸ਼ ਲੜਿਆ ਸੀ। ਪੰਜਾਬ ਵਿੱਚ 'ਆਪ' ਸਰਕਾਰ ਆਉਣ ਤੋਂ ਪਹਿਲਾਂ ਚੋਣ ਪ੍ਰਚਾਰ ਦੌਰਾਨ ਲੋਕਾਂ ਦੀ ਇਸ ਮੰਗ ਬਾਰੇ ਮੌਜੂਦਾ ਹਲਕਾ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਵੀ ਇਸ ਸੇਵਾ ਕੇਂਦਰ ਨੂੰ ਚਾਲੂ ਕਰਵਾਉਣ ਦਾ ਭਰੋਸਾ ਦਿਵਾਇਆ ਸੀ, ਜੋ ਅਜੇ ਤੱਕ ਪੂਰਾ ਨਹੀਂ ਕੀਤਾ ਹੈ। ਲੋਕਾਂ ਲਈ ਲਾਹੇਵੰਦ ਸਾਬਿਤ ਰਹੇ ਇਸ ਸੇਵਾ ਕੇਂਦਰ ਦੀ ਵਧੀਆ ਥਾਂ 'ਤੇ ਬਣੀ ਹੋਈ ਇਮਾਰਤ ਸਮੇਤ ਲੋੜੀਂਦੇ ਸਾਜ਼ੋ-ਸਾਮਾਨ ਤੇ ਮੁਲਾਜ਼ਮ ਅਮਲੇ ਨਾਲ ਲੈਸ ਇੱਥੇ ਨੇੜੇ ਤੋਂ ਮਿਲਦੀਆਂ ਸਹੂਲਤਾਂ ਹਾਸਲ ਕਰਨ ਤੋਂ ਸੱਖਣੇ ਲੋਕੀਂ ਹੁਣ ਆਪਣੇ ਲੋੜੀਂਦੇ ਸਰਟੀਫਿਕੇਟਾਂ ਸਮੇਤ ਹੋਰ ਕੰਮਾਂ ਲਈ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੋ ਕੇ ਇੱਥੋਂ 8 ਕਿ: ਮੀ: ਦੂਰ ਭੁੱਚੋ ਮੰਡੀ ਤੇ 12 ਕਿ: ਮੀ: ਦੂਰ ਨਥਾਣਾ ਸਥਿਤ ਬਾਹਰਲੇ ਸੇਵਾ ਕੇਂਦਰਾਂ ਤੱਕ ਜਾਣ ਲਈ ਖੱਜਲ ਖੁਆਰ ਹੋ ਰਹੇ ਹਨ। ਅਜੇ ਵੀ ਲੋਕਾਂ ਨੂੰ ਆਸ ਹੈ ਕਿ ਹਲਕਾ ਭੁੱਚੋ ਦੇ ਵਿਧਾਇਕ ਇਸ ਸੇਵਾ ਕੇਂਦਰ ਨੂੰ ਚਾਲੂ ਕਰਵਾਉਣ ਸਮੇਤ ਹੋਰ ਦਰਪੇਸ਼ ਮਸਲਿਆਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਨ੍ਹਾਂ ਦਾ ਜਲਦ ਹੱਲ ਕਰਵਾਉਣ ਨੂੰ ਤਰਜੀਹ ਦੇਣਗੇ।

ਲਿਬਰੇਸ਼ਨ ਵੱਲੋਂ ਸੁਖਪਾਲ ਖਹਿਰਾ ਨੂੰ ਮੁੜ ਗ੍ਰਿਫਤਾਰ ਕਰਨ ਦੀ ਸਖਤ ਨਿੰਦਾ

ਮਾਨਸਾ (ਆਤਮਾ ਸਿੰਘ ਪਮਾਰ)-ਆਪ ਦੀ ਮਾਨ ਸਰਕਾਰ ਦੇ ਤੇਜ਼ ਤਰਾਰ ਆਲੋਚਕ ਕਾਂਗਰਸੀ ਆਗੂ ਤੇ ਹਲਕਾ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਹਾਈ ਕੋਰਟ ਵੱਲੋਂ ਜਮਾਨਤ ਮਿਲਣ 'ਤੇ ਮੌਕੇ 'ਤੇ ਹੀ ਘੜੇ ਇੱਕ ਹੋਰ ਪੁਲਸ ਕੇਸ ਵਿੱਚ ਗ੍ਰਿਫਤਾਰ ਕਰਨ ਦੀ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਨੇ ਸਖਤ ਨਿੰਦਾ ਕਰਦਿਆਂ ਖਹਿਰਾ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਹੈ। ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਤੇ ਸੂਬਾਈ ਬੁਲਾਰੇ ਸੁਖਦਰਸ਼ਨ ਸਿੰਘ ਨੱਤ ਵੱਲੋਂ ਜਾਰੀ ਇਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਤਿੰਨ ਮਹੀਨੇ ਤੋਂ ਜੇਲ੍ਹ ਵਿੱਚ ਬੰਦ ਤੇ ਕਈ ਵਾਰ ਚੁਣੇ ਗਏ ਇੱਕ ਵਿਧਾਇਕ ਨੂੰ ਜੇਲ ਵਿੱਚ ਬੰਦ ਰੱਖਣ ਦੇ ਮਨੋਰਥ ਨਾਲ ਐਨ ਉਸ ਦੀ ਰਿਹਾਈ ਵਾਲੇ ਦਿਨ ਉਸ ਖਿਲਾਫ ਗਿਣ-ਮਿੱਥ ਕੇ ਇੱਕ ਨਵਾਂ ਕੇਸ ਦਰਜ ਕਰਕੇ ਜੇਲ੍ਹ ਦੇ ਦਰਵਾਜ਼ੇ ਤੋਂ ਮੁੜ ਗ੍ਰਿਫਤਾਰ ਕਰਨਾ ਸਿਆਸੀ ਬਦਲਾਖੋਰੀ ਦੀ ਇੰਤਹਾ ਦਾ ਇੱਕ ਪ੍ਰਤੱਖ ਨਮੂਨਾ ਹੈ। ਆਮ ਆਦਮੀ ਪਾਰਟੀ ਦੇ ਮੁਖੀ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਨਿੱਤ ਰੋਜ਼ ਸਿਆਸੀ ਬਦਲੇਖੋਰੀ ਤਹਿਤ ਅਪਣੇ ਵਜ਼ੀਰਾਂ ਤੇ ਵਿਧਾਇਕਾਂ ਖਿਲਾਫ ਛਾਪਾਮਾਰੀ, ਗ੍ਰਿਫ਼ਤਾਰੀਆਂ ਤੇ ਜੇਲ੍ਹਾਂ ਵਿੱਚ ਬੰਦ ਕਰਨ ਦੇ ਦੋਸ਼ ਲਾਉਂਦੇ ਹਨ, ਜਿਨ੍ਹਾਂ ਵਿੱਚ ਕੁਝ ਸਚਾਈ ਵੀ ਹੈ, ਪਰ ਅਪਣੀ ਸਰਕਾਰ ਹੇਠਲੇ ਦੇਸ਼ ਦੇ ਇਕੋ ਇਕ ਪੂਰਨ ਸੂਬੇ ਪੰਜਾਬ ਵਿਚ ਉਹ ਖੁਦ ਵੀ ਸਿਆਸੀ ਵਿਰੋਧੀਆਂ ਦੀ ਜਬਰੀ ਜ਼ਬਾਨ ਬੰਦੀ ਕਰਨ ਦੀ ਉਸੇ ਗੈਰ-ਜਮਹੂਰੀ ਨੀਤੀ 'ਤੇ ਚੱਲ ਰਹੇ ਹਨ, ਜਿਸ ਕਰਕੇ ਮੋਦੀ ਸਰਕਾਰ ਖਿਲਾਫ ਉਨ੍ਹਾਂ ਦੀ ਬਿਆਨਬਾਜ਼ੀ ਨੈਤਿਕਤਾ ਤੋਂ ਪੂਰੀ ਤਰ੍ਹਾਂ ਸੱਖਣੀ ਨਜ਼ਰ ਆਉਂਦੀ ਹੈ। ਲਿਬਰੇਸ਼ਨ ਆਗੂਆਂ ਦਾ ਕਹਿਣਾ ਹੈ ਕਿ ਅਖਬਾਰੀ ਖਬਰਾਂ ਮੁਤਾਬਿਕ ਕਰੀਬ ਢਾਈ ਮਹੀਨੇ ਪਹਿਲਾਂ ਅਣਪਛਾਤੇ ਵਿਅਕਤੀਆਂ ਵੱਲੋਂ ਇੱਕ ਵਿਅਕਤੀ ਦੇ ਪਰਿਵਾਰ ਨੂੰ ਦਿੱਤੀਆਂ ਧਮਕੀਆਂ ਬਾਰੇ ਕਪੂਰਥਲਾ ਪੁਲਸ ਕੋਈ ਐੱਫ ਆਈ ਆਰ, ਜਾਂਚ ਪੜਤਾਲ ਜਾਂ ਗ੍ਰਿਫਤਾਰੀ ਕਰਨ ਦੀ ਬਜਾਏ ਸੁੱਤੀ ਰਹਿੰਦੀ ਹੈ। ਫਿਲਮੀ ਕਹਾਣੀਆਂ ਵਾਂਗ ਉਹੀ ਪੁਲਸ ਖਹਿਰਾ ਦੀ ਰਿਹਾਈ ਵਾਲੇ ਦਿਨ ਅਚਾਨਕ ਸਵੇਰੇ ਜਾਗਦੀ ਹੈ ਤੇ ਕੇਸ ਦਰਜ ਕਰਕੇ ਨਾਭਾ ਜੇਲ੍ਹ ਪਹੁੰਚ ਕੇ ਤਿੰਨ ਮਹੀਨੇ ਤੋਂ ਬੰਦ ਖਹਿਰਾ ਨੂੰ ਗ੍ਰਿਫ਼ਤਾਰ ਵੀ ਕਰ ਲੈਂਦੀ ਹੈ। ਪੰਜਾਬ ਦੀ ਜਨਤਾ ਨੇ ਭਗਵੰਤ ਮਾਨ ਨੂੰ ਅਜਿਹੇ ਘਟੀਆਂ ਨਾਟਕਾਂ ਲਈ ਨਹੀਂ, ਬਲਕਿ ਪੰਜਾਬ ਦੀ ਬਿਹਤਰੀ ਲਈ ਚੁਣਿਆ ਸੀ, ਪਰ ਉਨ੍ਹਾਂ ਦੀ ਮੋਦੀ ਤਰਜ਼ ਦੀ ਇਹ ਬਦਲਾਖੋਰੀ ਸਪੱਸ਼ਟ ਤੌਰ 'ਤੇ ਵਿਰੋਧੀਆਂ ਦੀ ਬਣ ਰਹੀ ਏਕਤਾ ਨੂੰ ਤੋੜਨ ਤੇ ਪੰਜਾਬ 'ਤੇ ਬੀਜੇਪੀ ਦੇ ਕਬਜ਼ੇ ਦਾ ਰਾਹ ਪੱਧਰਾ ਕਰ ਰਹੀ ਹੈ।

ਖੂਨਦਾਨ ਤੋਂ ਵੱਡਾ ਹੋਰ ਕੋਈ ਪੁੰਨ ਦਾ ਕੰਮ ਨਹੀਂ : ਢਿੱਲੋਂ

ਸਮਰਾਲਾ (ਸੁਰਜੀਤ ਸਿੰਘ)-ਇੱਥੋਂ ਨਜ਼ਦੀਕੀ ਪਿੰਡ ਮਾਦਪੁਰ ਵਿਖੇ ਨੌਜਵਾਨ ਕਲੱਬ ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ। ਮਿਲੀ ਜਾਣਕਾਰੀ ਮੁਤਾਬਕ ਇਸ ਕੈਂਪ ਵਿੱਚ ਕਰਨ ਹਸਪਤਾਲ ਸਮਰਾਲਾ ਤੋਂ ਮਾਹਰ ਡਾਕਟਰਾਂ ਦੀ ਰਹਿਨੁਮਾਈ ਹੇਠ ਆਈ ਟੀਮ ਵੱਲੋਂ 50 ਯੂਨਿਟ ਖੂਨ ਇਕੱਤਰ ਕੀਤੇ ਗਏ। ਇਸ ਕੈਂਪ ਵਿੱਚ ਪਰਮਜੀਤ ਸਿੰਘ ਢਿੱਲੋਂ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਸਮਰਾਲਾ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ, ਜਿਨ੍ਹਾਂ ਨੇ ਖੂਨ ਦਾਨ ਦੀ ਮਹੱਤਤਾ ਸਬੰਧੀ ਸੰਬੋਧਨ ਕਰਦਿਆਂ ਹਰੇਕ ਤੰਦਰੁਸਤ ਨੌਜਵਾਨ ਨੂੰ ਖੂਨਦਾਨ ਕਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਉਸ ਵੱਲੋਂ ਦਾਨ ਕੀਤਾ ਖੂਨ ਕਿਸੇ ਲੋੜਵੰਦ ਦੇ ਕੰਮ ਆ ਸਕੇ। ਇਸ ਪੁੰਨ ਦੇ ਕਾਰਜ ਨਾਲ ਬਹੁਤ ਸਾਰੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਨੌਜਵਾਨ ਕਲੱਬ ਮਾਦਪੁਰ ਦੇ ਸਮੂਹ ਨੌਜਵਾਨਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਅਜਿਹਾ ਕੈਂਪ ਲਗਾ ਕੇ ਨੌਜਵਾਨੀ ਨੂੰ ਸਹੀ ਦਿਸ਼ਾ ਵੱਲ ਤੋਰਨ ਦਾ ਯਤਨ ਕੀਤਾ ਹੈ। ਇਸ ਮੌਕੇ ਖੂਨ ਦਾਨ ਕਰਨ ਵਾਲੇ ਡੋਨਰਾਂ ਨੂੰ ਵਧੀਆ ਰਿਫੈਰੇਸ਼ਮੈਂਟ ਦਿੱਤੀ ਗਈ ਤੇ ਇਸ ਤੋਂ ਇਲਾਵਾ ਸਨਮਾਨ ਚਿੰਨ੍ਹ ਨਾਲ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਖੂਨਦਾਨ ਕੈਂਪ ਵਿੱਚ ਸਮਰਾਲਾ ਇਲਾਕੇ ਦੀਆਂ ਵੱਖ ਵੱਖ ਰਾਜਨੀਤਕ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ ਤੇ ਨੌਜਵਾਨਾਂ ਦਾ ਉਤਸ਼ਾਹ ਵਧਾਇਆ। ਖੂਨਦਾਨ ਕੈਂਪ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਸਮੂਹ ਪਿੰਡ ਨਿਵਾਸੀਆਂ ਨੇ ਨੌਜਵਾਨਾਂ ਦਾ ਪੂਰਨ ਸਾਥ ਦਿੱਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਅੰਮ੍ਰਿਤਪਾਲ ਸਿੰਘ ਗੁਰੋਂ, ਗੁਰਿੰਦਰ ਸਿੰਘ ਮਾਂਗਟ, ਜੱਸੀ ਮਾਦਪੁਰ, ਘੋਦਰ ਮਾਦਪੁਰ, ਇੰਦਰ ਮਾਂਗਟ, ਹੈਪੀ ਪੰਚ ਮਾਦਪੁਰ, ਬੋਬੀ ਸਾਹਨੇਵਾਲ, ਸੋਨੀ ਮਾਦਪੁਰ, ਅਮਨਿੰਦਰ ਮਾਦਪੁਰ ਤੋਂ ਇਲਾਵਾ ਨਗਰ ਮਾਦਪੁਰ ਦੇ ਪਤਵੰਤੇ ਸੱਜਣ ਹਾਜ਼ਰ ਸਨ।

ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਏਟਕ ਵੱਲੋਂ ਸਨਮਾਨ ਸਮਾਰੋਹ

ਰਾਜਪੁਰਾ (ਰਮੇਸ਼ ਕਟਾਰੀਆ)-ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਯੂਨਿਟ ਰਾਜਪੁਰਾ ਅਤੇ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਡਵੀਜ਼ਨ ਰਾਜਪੁਰਾ ਦਾ ਸਾਂਝੇ ਤੌਰ 'ਤੇ ਸਨਮਾਨ ਸਮਾਰੋਹ ਪੈਨਸ਼ਨਰ ਯੂਨੀਅਨ ਏਟਕ ਰਾਜਪੁਰਾ ਦੇ ਪ੍ਰਧਾਨ ਸਾਥੀ ਰਾਮ ਰਤਨ, ਡਵੀਜ਼ਨ ਰਾਜਪੁਰਾ ਦੇ ਪ੍ਰਧਾਨ ਸਾਥੀ ਕੁਲਦੀਪ ਸਿੰਘ ਦੀ ਪ੍ਰਧਾਨਗੀ ਹੇਠ ਸਮਾਜ ਭਲਾਈ ਵਿਚਾਰ ਪਾਰਕ ਰਾਜਪੁਰਾ ਵਿਖੇ ਹੋਈਆ। ਇਸ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ, ਸੂਬਾ ਵਿੱਤ ਸਕੱਤਰ ਸਾਥੀ ਬਲਜੀਤ ਕੁਮਾਰ, ਗੁਰਦਿਆਲ ਸਿੰਘ ਬੱਬੂ ਪ੍ਰਧਾਨ, ਸਰਕਲ ਰੋਪੜ ਤੋਂ ਸਾਥੀ ਰਘਬੀਰ ਸਿੰਘ, ਮੁਹਾਲੀ ਸਰਕਲ ਤੋਂ ਸਾਥੀ ਬਲਵਿੰਦਰ ਸਿੰਘ ਤੇ ਸਰਕਲ ਲੁਧਿਆਣਾ ਤੋਂ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਸਕੱਤਰ ਸਾਥੀ ਹਰਵਿੰਦਰ ਲਾਲੂ, ਅੱਡਾ ਦਾਖਾ ਡਵੀਜ਼ਨ ਦੇ ਪ੍ਰਧਾਨ ਸਾਥੀ ਗੁਰਮੇਲ ਸਿੰਘ ਦੀ ਅਗਵਾਈ ਵਿੱਚ ਸਾਥੀਆਂ ਨੇ ਹਿੱਸਾ ਲਿਆ ਅਤੇ ਵਿਸ਼ਵਾਸ ਦਿਵਾਇਆ ਕਿ ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਦੀ ਮੈਂਬਰਸ਼ਿਪ ਵਿੱਚ ਜਲਦੀ ਹੀ ਬੁਲੰਦੀਆਂ 'ਤੇ ਪਹੁੰਚਾਇਆ ਜਾਵੇਗਾ। ਇਸ ਕਨਵੈਂਸ਼ਨ ਵਿੱਚ ਪਹੁੰਚੇ ਪੈਨਸ਼ਨਰ ਯੂਨੀਅਨ ਦੇ ਮੈਂਬਰਾਂ ਨੂੰ ਨਵੇਂ ਸਾਲ ਦੀ ਡਾਇਰੀ ਤੇ ਕੈਲੰਡਰ ਵੀ ਦਿੱਤਾ ਗਿਆ। ਅੰਤ ਵਿੱਚ ਪਹੁੰਚੀ ਲੀਡਰਸ਼ਿਪ ਤੇ ਸਾਥੀਆਂ ਦਾ ਸਾਥੀ ਸ਼ਾਮ ਸੁੰਦਰ ਨੇ ਧੰਨਵਾਦ ਕੀਤਾ।

ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਨੀਆਂ ਮੰਗਾਂ ਲਾਗੂ ਨਾ ਕਰਨ ਦੀ ਨਿਖੇਧੀ

ਦੋਰਾਹਾ (ਹਰਮਿੰਦਰ ਸੇਠ)

ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ ਮਹੀਨਾਵਾਰ ਮੀਟਿੰਗ ਵਿੱਚ ਪੰਜਾਬ ਸਰਕਾਰ ਦੀ ਪੈਨਸ਼ਨਰਜ਼ ਵਿਰੋਧੀ ਨੀਤੀ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਗਿਆ ਕਿ ਸਰਕਾਰ ਵੱਲੋਂ ਪੈਨਸ਼ਨਰਜ਼ ਨਾਲ ਮੰਗਾਂ ਲਾਗੂ ਕਰਨ ਸਬੰਧੀ ਵਿਚਾਰ ਚਰਚਾ ਕਰਨ ਲਈ ਮੀਟਿੰਗਾਂ ਦੀਆਂ ਮਿਤੀਆਂ ਤੇ ਸਮਾਂ ਤਹਿ ਕਰਕੇ ਲਗਾਤਾਰ ਚਰਚਾ ਕਰਨ ਤੋਂ ਭੱਜਣਾ ਸਰਕਾਰ ਦੀ ਬਦ-ਨੀਤੀ ਜ਼ਾਹਰ ਹੁੰਦੀ ਹੈ। ਪੈਨਸ਼ਨਰਜ਼ ਤੇ ਮੁਲਾਜ਼ਮਾਂ ਦੀਆਂ ਜਨਵਰੀ 2022, ਜੁਲਾਈ 2022, ਜਨਵਰੀ 2023 ਤੇ ਜੁਲਾਈ 2023 ਤੋਂ ਬਣਦੀਆਂ ਮਹਿੰਗਾਈ ਭੱਤੇ ਦੀਆਂ ਚਾਰ ਕਿਸ਼ਤਾਂ ਵਿੱਚੋਂ ਕੇਵਲ ਇੱਕ ਕਿਸ਼ਤ ਉਹ ਵੀ ਦਸੰਬਰ 2023 ਤੋਂ 4% ਦੇਣਾ ਪੈਨਸ਼ਨਰਜ਼ ਤੇ ਮੁਲਾਜ਼ਮਾਂ ਨਾਲ ਇੱਕ ਕੋਝਾ ਮਜ਼ਾਕ ਹੈ, ਜਦੋਂਕਿ ਸਰਕਾਰ ਦੇ ਕਾਨੂੰਨ ਘਾੜੇ ਅਪਣੀਆਂ ਯਾਤਰਾਵਾਂ ਤੇ ਗੈਰ-ਵਾਜਬ ਇਸ਼ਤਿਹਾਰਬਾਜ਼ੀ ਉੱਪਰ ਖੁੱਲ੍ਹਾ ਖਰਚਾ ਕਰਦੇ ਹਨ ਅਤੇ ਐੱਮ ਐੱਲ ਏ ਮਹਿੰਗਾਈ ਭੱਤੇ ਦੀਆਂ ਚਾਰੇ ਕਿਸ਼ਤਾਂ 16% ਤੇ ਬਣਦੇ ਸਾਰੇ ਬਕਾਏ ਲੈ ਚੁੱਕੇ ਹਨ। ਪੈਨਸ਼ਨਰਜ਼ ਤੇ ਮੁਲਾਜ਼ਮਾਂ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ 2.59 ਦੇ ਗੁਣਾਂਕ ਤੇ ਨੋਸ਼ਨਲ ਵਿਧੀ ਮੁਤਾਬਕ ਪੈਨਸ਼ਨਾਂ ਸੋਧਣ ਤੋਂ ਵੀ ਸਰਕਾਰ ਇਨਕਾਰੀ ਹੋ ਰਹੀ ਹੈ। ਛੇਵੇਂ ਤਨਖਾਹ ਕਮਿਸ਼ਨ ਮੁਤਾਬਕ 1.1.2016 ਸੋਧੀ ਪੈਨਸ਼ਨ ਤੋਂ ਬਣਦੇ ਬਕਾਏ ਦੇਣ ਲਈ ਮਾਨਯੋਗ ਹਾਈ ਕੋਰਟ ਦੇ ਫੈਸਲੇ ਪ੍ਰਤੀ ਮੁਨਕਰ ਹੋ ਰਹੀ ਹੈ। ਮਾਨ ਸਰਕਾਰ ਪਹਿਲੀਆਂ ਸਰਕਾਰਾਂ ਦੇ ਪਦ-ਚਿਨ੍ਹਾਂ 'ਤੇ ਚਲਦੀ ਹੋਈ ਕੇਵਲ ਕਾਰਪੋਰੇਟ ਘਰਾਣਿਆਂ ਪੱਖੀ ਤੇ ਲੋਕ ਵਿਰੋਧੀ ਨੀਤੀਆਂ ਅਪਣਾ ਰਹੀ ਹੈ।

ਆਪਣੀਆਂ ਜਾਇਜ਼ ਤੇ ਪਹਿਲੋਂ ਮੰਨੀਆਂ ਗਈਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਆਉਣ ਵਾਲੇ ਸਮੇਂ ਵਿੱਚ ਪੈਨਸ਼ਨਰਜ਼ ਜਾਇੰਟ ਫਰੰਟ ਵੱਲੋਂ ਉਲੀਕੇ ਜਾਣ ਵਾਲੇ ਸੰਘਰਸ਼ ਦੀ ਰੂਪ ਰੇਖਾ ਮੁਤਾਬਕ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਨੇ ਵਧ ਚੜ੍ਹ ਕੇ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਮੀਟਿੰਗ ਨੂੰ ਪਵਨ ਕੁਮਾਰ ਕੌਸ਼ਲ, ਗੁਰਦਿਆਲ ਦਲਾਲ, ਰੂਪ ਸਿੰਘ ਅੜੈਚਾਂ, ਪਿਆਰਾ ਸਿੰਘ, ਰਣਜੀਤ ਸਿੰਘ ਟਿਵਾਣਾ, ਕਮਲਜੀਤ ਸਿੰਘ, ਸਤਿੰਦਰ ਪਾਲ ਸਿੰਘ ਤੇ ਦਲੀਪ ਸਿੰਘ ਆਦਿ ਹਾਜ਼ਰ ਸਨ।

ਕੇ ਕੇ ਯੂ ਵੱਲੋਂ ਪੀੜਤ ਪਰ

8-JAN-PAGE-8.qxd 1/7/2024 9:43 PM Page 1

ਤਹਿਸੀਲਾਂ 'ਚ ਛੁੱਟੀ ਵਾਲੇ ਦਿਨ ਵਿਸ਼ੇਸ਼ ਕੈਂਪ ਲਗਾ ਕੇ ਲੋਕਾਂ ਨੂੰ ਦਿੱਤੀ ਗਈ ਵੱਡੀ ਸੁਵਿਧਾ : ਜਿੰਪਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)-ਮਾਲ, ਮੁੜ ਵਸੇਬਾ ਤੇ ਆਫ਼ਤ ਪ੍ਰਬੰਧਨ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਮਾਲ ਵਿਭਾਗ ਵਲੋਂ ਸ਼ਨੀਵਾਰ ਨੂੰ ਛੁੱਟੀ ਵਾਲੇ ਦਿਨ ਪੰਜਾਬ ਭਰ ਵਿਚ ਵਿਸ਼ੇਸ਼ ਕੈਂਪ ਲਗਾ ਕੇ ਲੰਬਿਤ ਇੰਤਕਾਲ ਦਰਜ ਕਰਨ ਦੀ ਪਹਿਲ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦਾ ਆਮ ਲੋਕਾਂ ਨੂੰ ਬਹੁਤ ਲਾਭ ਪਹੁੰਚ ਰਿਹਾ ਹੈ। ਉਹ ਹੁਸ਼ਿਆਰਪੁਰ ਤਹਿਸੀਲ ਵਿਚ ਲਗਾਏ ਗਏ ਵਿਸ਼ੇਸ਼ ਕੈਂਪ ਦਾ ਜਾਇਜ਼ਾ ਲੈਣ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਮੇਅਰ ਸੁਰਿੰਦਰ ਕੁਮਾਰ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਹਰਮੀਤ ਸਿੰਘ ਔਲਖ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕੰਮ ਕਰਵਾਉਣ ਆਏ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦਾ ਜਲਦ ਹੱਲ ਕਰਨ ਸਬੰਧੀ ਅਧਿਕਾਰੀਆਂ ਨੂੰ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਮੁੱਖ ਮੰਤਰੀ ਪੰਜਾਬ ਨੇ ਹੁਸ਼ਿਆਰਪੁਰ ਤਹਿਸੀਲ ਦਾ ਅਚਨਚੇਤ ਦੌਰਾ ਕੀਤਾ ਸੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਸਨ। ਮੁੱਖ ਮੰਤਰੀ ਵਲੋਂ ਵਿਭਾਗ ਨੂੰ ਨਿਰਦੇਸ਼ ਜਾਰੀ ਕੀਤੇ ਗਏ ਸਨ ਕਿ ਤਹਿਸੀਲਾਂ ਵਿਚ ਲੋਕਾਂ ਨੂੰ ਕੰਮ ਕਰਵਾਉਣ ਲਈ ਕਿਸੇ ਤਰ੍ਹਾਂ ਦੀ ਸਮੱਸਿਆ ਨਹੀਂ ਆਉਣੀ ਚਾਹੀਦੀ ਅਤੇ ਨਾ ਹੀ ਰਜਿਸਟਰੀ ਕਰਨ ਦੇ ਬਾਅਦ ਇੰਤਕਾਲ ਕਰਵਾਉਣ ਵਿਚ। ਇਸੇ ਕੜੀ ਵਿਚ ਅੱਜ ਪੂਰੇ ਸੂਬੇ ਵਿਚ ਲੰਬਿਤ ਪਏ ਇੰਤਕਾਲ ਦਰਜ ਕਰਵਾਉਣ ਲਈ ਵਿਸ਼ੇਸ਼ ਕੈਂਪ ਲਗਾਏ ਗਏ ਹਨ ਅਤੇ ਮਾਲ ਵਿਭਾਗ ਦੇ ਅਧਿਕਾਰੀ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮਾਲ ਵਿਭਾਗ ਦੇ ਕੰਮ ਵਿਚ ਪਾਰਦਰਸ਼ਤਾ ਲਿਆਉਣ ਵਿਚ ਕੋਈ ਕਮੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਕਿ ਲੋਕਾਂ ਨੂੰ ਕੋਈ ਸਮੱਸਿਆ ਨਾ ਆਵੇ।

ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਉਹ ਲੰਬਿਤ ਪਏ ਇੰਤਕਾਲਾਂ ਦੇ ਨਿਪਟਾਰੇ ਦੇ ਕੰਮ 'ਤੇ ਲਗਾਤਾਰ ਨਿਗਰਾਨੀ ਰੱਖ ਰਹੇ ਹਨ, ਜਿਸ ਨਾਲ ਇਹ ਕੰਮ ਸਮੇਂਬੱਧ ਢੰਗ ਨਾਲ ਪੂਰਾ ਕੀਤਾ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਇਸ ਕੰਮ ਵਿਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤਣ ਦੀ ਹਦਾਇਤ ਕਰਦੇ ਹੋਏ ਕਿਹਾ ਕਿ ਲੋਕਾਂ ਦੇ ਜਾਇਜ਼ ਕੰਮਕਾਜ ਵਿਚ ਕਿਸੇ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਾਲ ਵਿਭਾਗ ਵਿਚ ਜੇਕਰ ਕਿਸੇ ਵੀ ਪੱਧਰ 'ਤੇ ਲੋਕਾਂ ਨੂੰ ਕੰਮ ਕਰਵਾਉਣ ਵਿਚ ਕੋਈ ਦਿੱਕਤ ਆਉਂਦੀ ਹੈ, ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਇਸ ਬਾਬਤ ਹੈਲਪਲਾਈਨ ਨੰਬਰ 81849 00002 ਜਾਰੀ ਕੀਤਾ ਹੋਇਆ ਹੈ, ਜਿਸ 'ਤੇ ਲਿਖਤ ਸ਼ਿਕਾਇਤ ਵਟਸਅਪ ਕੀਤੀ ਜਾ ਸਕਦੀ ਹੈ। ਐਨ.ਆਰ.ਆਈਜ਼ ਆਪਣੀ ਲਿਖਤ ਸ਼ਿਕਾਇਤ 9464100168 ਨੰਬਰ 'ਤੇ ਭੇਜ ਸਕਦੇ ਹਨ। ਇਸ ਦੌਰਾਨ ਉਨ੍ਹਾਂ ਨੇ ਤਹਿਸੀਲ ਪ੍ਰੀਸ਼ਦ ਵਿਚ ਬਣੇ ਪਬਲਿਕ ਹੈਲਪ ਸੈਂਟਰ ਦਾ ਵੀ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਜ਼ਿਲ੍ਹੇ ਦੀਆਂ ਸਾਰੀਆਂ ਤਹਿਸੀਲਾਂ ਵਿਚ ਸਪੈਸ਼ਲ ਕੈਂਪ ਲਗਾਏ ਗਏ ਹਨ ਅਤੇ ਜਿਥੇ ਲੋਕਾਂ ਦੇ ਪੈਂਡਿੰਗ ਇੰਤਕਾਲ ਨੂੰ ਕਲੀਅਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਕਰੀਬ 4500 ਦੇ ਕਰੀਬ ਇੰਤਕਾਲ ਪੈਂਡਿੰਗ ਹਨ, ਜਿਨ੍ਹਾਂ ਦਾ ਨਿਪਟਾਰਾ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਵਿਸ਼ੇਸ਼ ਕੈਂਪ ਵਿਚ ਸੀ.ਆਰ.ਓ, ਕਾਨੂੰਨਗੋ ਅਤੇ ਪਟਵਾਰੀ ਤਹਿਸੀਲਾਂ ਵਿਚ ਮੌਜੂਦ ਸਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਲੋਕਾਂ ਦੀਆਂ ਸਮੱਸਿਆਵਾਂ ਨਿਪਟਾਉਣ ਲਈ ਹਮੇਸ਼ਾ ਇਸ ਤਰ੍ਹਾਂ ਦੇ ਕੈਂਪ ਜਾਰੀ ਰਹਿਣਗੇ। ਉਨ੍ਹਾਂ ਮਾਲ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰਨ ਵਿਚ ਕੋਈ ਕਮੀ ਨਾ ਛੱਡੀ ਜਾਵੇ। ਇਸ ਮੌਕੇ ਐਸ.ਡੀ.ਐਮ ਪ੍ਰੀਤਇੰਦਰ ਸਿੰਘ ਬੈਂਸ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਰਜਿਸਟਰਾਰ ਹਰਕਰਮ ਸਿੰਘ ਰੰਧਾਵਾ, ਤਹਿਸੀਲਦਾਰ ਗੁਰਸੇਵਕ ਚੰਦ, ਐਕਸੀਅਨ ਲੋਕ ਨਿਰਮਾਣ ਵਿਭਾਗ ਰਾਜੀਵ ਸੈਣੀ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

ਪੰਜਾਬ ਬਚਾਓ ਯਾਤਰਾ ਸਿਰਫ ਚੋਣ ਸਟੰਟ : ਫੁਗਲਾਣਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਦੋਆਬਾ ਜਨ. ਕੈਟਾਗਰੀ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ ਨੇ ਲਿਖਤੀ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਪੰਜਾਬ ਬਚਾਓ ਯਾਤਰਾ ਦੇ ਨਾਂ 'ਤੇ ਜੋ ਐਲਾਨ ਕੀਤਾ ਹੈ, ਉਹ ਸਿਰਫ ਲੋਕਾਂ ਵਿਚ ਆਪਣੀ ਡਿੱਗੀ ਹੋਈ ਸਾਖ ਨੂੰ ਬਚਾਉਣ ਅਤੇ ਚੋਣ ਸਟੰਟ ਤੋਂ ਬਗੈਰ ਹੋਰ ਕੁਝ ਵੀ ਨਹੀਂ। ਕਿਉਂਕਿ ਪਿਛਲੇ ਸਮਿਆਂ ਦੇ ਦੁਰਾਨ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਤੌਰ ਤੇ ਜਿੰਨਾ ਨੁਕਸਾਨ ਅਕਾਲੀ ਦਲ ਦੀਆਂ ਸਰਕਾਰਾਂ ਦੌਰਾਨ ਹੋਇਆ ਸ਼ਾਇਦ ਹੀ ਹੋਰ ਕਿਸੇ ਸਰਕਾਰ ਸਮੇਂ ਹੋਇਆ ਹੋਵੇ। ਉਹ ਚਾਹੇ ਨਿਰੰਕਾਰੀ ਕਾਂਡ ਹੋਵੇ ਚਾਹੇ 1992 ਦੀਆਂ ਚੋਣਾਂ ਦਾ ਬਾਈਕਾਟ ਹੋਵੇ, ਬਿਨਾਂ ਸ਼ਰਤ ਸੌਦਾ ਸਾਧ ਨੂੰ ਮੁਆਫੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਮੌਕੇ ਇਨ੍ਹਾਂ ਦੀ ਸਰਕਾਰ ਵੱਲੋਂ ਪੁਲਸ ਨੂੰ ਅਣਪਛਾਤਾ ਕਰਾਰ ਦਿੱਤਾ ਗਿਆ । ਪੰਥਕ ਸਰਕਾਰ ਸਮੇਂ ਕਬੂਤਰ ਕਾਂਡ ਅਤੇ ਚਿੱਟੇ ਦੀ ਭਿਆਨਕ ਬਿਮਾਰੀ ਨੇ ਲੋਕਾਂ ਦੇ ਘਰਾਂ 'ਚ ਦਸਤਕ ਦੇ ਕੇ ਪਰਵਾਰਾਂ ਦੇ ਪਰਵਾਰ ਖਤਮ ਹੋਏ । ਇਨ੍ਹਾਂ ਦੀ ਪੰਥਕ ਸਰਕਾਰ ਨੇ ਝੂਠੇ ਪੁਲਸ ਮੁਕਾਬਲਿਆਂ 'ਚ ਮਾਰਨ ਵਾਲੇ ਪੁਲਸ ਅਫਸਰਾਂ ਨੂੰ ਉਚੇ ਅਹੁਦਿਆਂ 'ਤੇ ਨਿਵਾਜਿਆ ਤੇ ਮਹਰੂਮ ਮੁੱਖ ਮੰਤਰੀ ਨੂੰ ਪੰਥ ਰਤਨ ਫਖਰੇ ਕੌਮ ਨਾਲ ਨਿਵਾਜਿਆ। ਇਸ ਪੰਥਕ ਸਰਕਾਰ ਨੇ ਆਪਣੀ ਸਰਕਾਰ ਸਮੇਂ ਬੰਦੀ ਸਿੰਘਾਂ, ਜਥੇਦਾਰ ਗੁਰਦੇਵ ਸਿੰਘ ਕਾਉਂਕੇ ਅਤੇ ਮਹਰੂਮ ਕੈਪਟਨ ਕਮਲਜੀਤ ਸਿੰਘ ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ 'ਚ ਵੀ ਦੋਗਲੀ ਨੀਤੀ ਆਪਣਾਈ । ਅੱਜ ਫਿਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਬਚਾਉ ਯਾਤਰਾ ਦੇ ਨਾਂ 'ਤੇ ਮਗਰਮੱਛ ਦੇ ਹੰਝੂ ਵਹਾਅ ਕੇ ਸਿੱਖ ਨੂੰ ਕੌਮ ਨੂੰ ਗੁਮਰਾਹ ਕਰਨਾ ਚਾਹੁੰਦੇ ਹਨ। ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਆਮ ਲੋਕਾਂ ਨੂੰ ਅਪੀਲ ਕਰਦਾ ਹੈ ਕਿ ਇਸ ਅਕਾਲੀ ਦੀ ਪੰਜਾਬ ਬਚਾਓ ਯਾਤਰਾ ਦਾ ਡਟ ਕੇ ਵਿਰੋਧ ਕਰਨ ।

ਕਿਸੇ ਵੀ ਸਿੰਥੈਟਿਕ ਟਰੈਕ ਵਾਲੇ ਖੇਡ ਮੈਦਾਨ 'ਚ ਨਹੀਂ ਹੋਵੇਗੀ ਅਜ਼ਾਦੀ ਦਿਹਾੜੇ ਦੀ ਪਰੇਡ : ਮਾਨ

ਚੰਡੀਗੜ੍ਹ, (ਗੁਰਜੀਤ ਸਿੰਘ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਸੂਬਾ ਭਰ ਵਿੱਚ ਸਿੰਥੈਟਿਕ ਟਰੈਕ ਵਾਲੇ ਕਿਸੇ ਵੀ ਖੇਡ ਮੈਦਾਨ ਵਿੱਚ ਗਣਤੰਤਰ ਦਿਵਸ ਦੀ ਪਰੇਡ ਨਹੀਂ ਹੋਵੇਗੀ।ਇੱਥੇ ਜਾਰੀ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ 26 ਜਨਵਰੀ ਨੂੰ ਗਣਤੰਤਰ ਦਿਵਸ ਮਨਾਉਣ ਲਈ ਹੋਣ ਵਾਲੇ ਸਮਾਗਮਾਂ ਦੌਰਾਨ ਸਿੰਥੈਟਿਕ ਵਾਲੇ ਅਥਲੈਟਿਕ ਟਰੈਕਾਂ ਨੂੰ ਛੱਡ ਕੇ ਬਾਕੀ ਖੇਡ ਮੈਦਾਨਾਂ ਜਾਂ ਸਟੇਡੀਅਮਾਂ ਵਿੱਚ ਹੀ ਪਰੇਡ ਹੋਵੇਗੀ।ਉਨ੍ਹਾਂ ਕਿਹਾ ਕਿ ਪਰੇਡ ਦੌਰਾਨ ਸੂਬੇ ਅਤੇ ਦੇਸ਼ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਦਰਸਾਉਣ ਲਈ ਵੱਖ-ਵੱਖ ਝਾਕੀਆਂ ਕੱਢਣ ਤੋਂ ਇਲਾਵਾ ਹੋਰ ਸਮਾਗਮ ਕਰਵਾਏ ਜਾਂਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮਾਗਮਾਂ ਦੌਰਾਨ ਪਰੇਡ ਹੋਣ ਮੌਕੇ ਵਾਹਨਾਂ ਅਤੇ ਹੋਰ ਮਸ਼ੀਨਰੀ ਦੀ ਆਵਾਜਾਈ ਟਰੈਕ ਨੂੰ ਨੁਕਸਾਨ ਪਹੁੰਚਾਉਂਦੀ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਟਰੈਕ ਨੂੰ ਹੋਏ ਨੁਕਸਾਨ ਕਾਰਨ ਖਿਡਾਰੀਆਂ ਨੂੰ ਬਹੁਤ ਜ਼ਿਆਦਾ ਮੁਸ਼ਕਲ ਪੇਸ਼ ਆਉਂਦੀ ਹੈ ਜੋ ਜਾਇਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਬਚਣ ਲਈ ਸੂਬਾ ਸਰਕਾਰ ਨੇ ਗਣਤੰਤਰ ਦਿਵਸ ਦੀ ਪਰੇਡ ਸਿੰਥੈਟਿਕ ਟਰੈਕ ਵਾਲੇ ਕਿਸੇ ਵੀ ਸਟੇਡੀਅਮ ਵਿੱਚ ਨਾ ਕਰਵਾਉਣ ਦਾ ਫੈਸਲਾ ਲਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਸੂਬੇ ਵਿੱਚ ਖੇਡ ਗਤੀਵਿਧੀਆਂ ਨੂੰ ਹੋਰ ਪ੍ਰਫੁੱਲਤ ਕਰਨ ਵਿੱਚ ਮਦਦ ਮਿਲੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸੇ ਫੈਸਲੇ ਤਹਿਤ ਗਣਤੰਤਰ ਦਿਵਸ ਮੌਕੇ ਲੁਧਿਆਣਾ ਵਿਖੇ ਹੋਣ ਵਾਲਾ ਸਮਾਗਮ ਵੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਹੀ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਖੇਡਾਂ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ ਅਤੇ ਖਿਡਾਰੀਆਂ ਜਾਂ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਗੌਰਵਮਈ ਵਿਰਾਸਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਵਚਨਬੱਧ ਹੈ ਅਤੇ ਇਸੇ ਭਾਵਨਾ ਨਾਲ ਹੀ ਇਹ ਸਮਾਗਮ ਕਰਵਾਏ ਜਾਣਗੇ।

ਰਾਣਾ ਕੇ ਪੀ ਸਿੰਘ ਦੀ ਨਿਯੁਕਤੀ 'ਤੇ ਪਾਰਟੀ ਆਗੂਆਂ 'ਚ ਖੁਸ਼ੀ ਦੀ ਲਹਿਰ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-ਆਗਾਮੀ ਲੋਕ ਸਭਾ ਚੋਣਾਂ ਲਈ ਸਾਬਕਾ ਸਪੀਕਰ ਵਿਧਾਨ ਸਭਾ ਪੰਜਾਬ ਰਾਣਾ ਕੇ ਪੀ ਸਿੰਘ ਨੂੰ ਕਈ ਸੂਬਿਆਂ ਦੀ ਸਕਰੀਨਿੰਗ ਕਮੇਟੀ ਦਾ ਚੇਅਰਮੈਨ ਲਗਾਏ ਜਾਣ 'ਤੇ ਇਲਾਕੇ ਦੇ ਕਾਂਗਰਸੀ ਆਗੂਆਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਜ਼ਿਲ੍ਹਾ ਕਾਂਗਰਸ ਰੂਪਨਗਰ ਦੇ ਸਾਬਕਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਰਾਣਾ ਕੇ ਪੀ ਸਿੰਘ ਨੂੰ ਉਕਤ ਜ਼ਿੰਮੇਵਾਰੀ ਸੌਂਪ ਕੇ ਪਾਰਟੀ ਹਾਈ ਕਮਾਂਡ ਨੇ ਜ਼ਿਲ੍ਹਾ ਰੋਪੜ ਦਾ ਮਾਣ ਵਧਾਇਆ ਹੈ। ਉਨ੍ਹਾਂ ਕਿਹਾ ਕਿ ਰਾਣਾ ਕੇ ਪੀ ਸਿੰਘ ਇੱਕ ਜ਼ਮੀਨੀ ਆਗੂ ਹਨ ਤੇ ਉਨ੍ਹਾਂ ਦੀ ਇਸ ਨਿਯੁਕਤੀ ਨਾਲ ਪਾਰਟੀ ਵਰਕਰਾਂ 'ਚ ਪਹਿਲਾਂ ਨਾਲੋਂ ਵੀ ਵਧੇਰੇ ਜੋਸ਼ ਤੇ ਉਤਸ਼ਾਹ ਵਧਿਆ ਹੈ। ਉਨ੍ਹਾਂ ਕਿਹਾ ਕਿ ਰਾਣਾ ਕੇ ਪੀ ਉਹ ਆਗੂ ਹਨ ਜਿਨ੍ਹਾਂ ਨੇ ਹਮੇਸ਼ਾ ਹੀ ਪਾਰਟੀ ਦੀ ਮਜ਼ਬੂਤੀ ਨੂੰ ਲੈ ਕੇ ਲਗਾਤਾਰ ਕੰਮ ਕੀਤਾ ਹੈ ਤੇ ਲਗਾਤਾਰ ਪੰਜ ਵਾਰ ਵਿਧਾਨ ਸਭਾ ਦੀਆਂ ਚੋਣਾਂ ਲੜੀਆਂ ਹਨ। ਭਾਵੇਂ ਇਸ ਦੌਰਾਨ ਉਹ ਵਿਧਾਨ ਸਭਾ ਚੋਣਾਂ ਹਾਰੇ ਵੀ ਹਨ ਪ੍ਰੰਤੂ ਉਨਾਂ ਨੇ ਲੋਕਾਂ ਦਾ ਸਾਥ ਕਦੇ ਨਹੀਂ ਛੱਡਿਆ। ਮਾ ਜਗਨਨਾਥ ਭੰਡਾਰੀ, ਬਾਬੂ ਕਸ਼ਮੀਰੀ ਲਾਲ ਸੰਮਤੀ ਮੈਂਬਰ, ਰਾਜ ਕੁਮਾਰ ਨੂਰਪੁਰ ਬੇਦੀ, ਰਾਣਾ ਜੈਨ ਸਿੰਘ ਮੁਕਾਰੀ ਨੇ ਵੀ ਇਸ ਨਿਯੁਕਤੀ ਦਾ ਸਵਾਗਤ ਕਰਦਿਆਂ ਹੋਇਆ ਰਾਣਾ ਕੇ ਪੀ ਸਿੰਘ ਨੂੰ ਵਧਾਈ ਦਿੱਤੀ ਹੈ। ਉਕਤ ਆਗੂਆਂ ਨੇ ਸੋਨੀਆ ਗਾਂਧੀ, ਆਲ ਇੰਡੀਆ ਕਾਂਗਰਸ ਦੇ ਪ੍ਰਧਾਨ ਮਲਿਕ ਅਰਜੁਨ ਖੜਗੇ, ਰਾਹੁਲ ਗਾਂਧੀ ਅਤੇ ਅੰਬਿਕਾ ਸੋਨੀ ਦਾ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਰਾਣਾ ਕੇ ਪੀ ਸਿੰਘ ਨੂੰ ਇਹ ਵੱਡਾ ਮਾਣ ਦੇ ਕੇ ਨਿਵਾਜਿਆ ਹੈ।

ਫਰੂਡਨਬਰਗ ਕੰਪਨੀ ਦੇ 600 ਵਰਕਰਾਂ ਦਾ ਭਵਿੱਖ ਖਤਰੇ 'ਚ, 29 ਨੂੰ ਰੋਸ ਰੈਲੀ ਦਾ ਐਲਾਨ

ਮੋਹਾਲੀ (ਗੁਰਜੀਤ ਬਿੱਲਾ) ਜ਼ਿਲ੍ਹੇ ਦੇ ਪਿੰਡ ਬਾਸਮਾ ਵਿਖੇ ਸਥਿਤ ਫਰੂਡਨਬਰਗ ਨੋਕ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਪ੍ਰਬੰਧਕਾਂ ਵੱਲੋਂ ਗੈਰਕਾਨੂੰਨੀ ਢੰਗ ਨਾਲ ਕੰਪਨੀ ਬੰਦ ਕਰਨ ਨੂੰ ਲੈ ਕੇ ਕਰੀਬ 600 ਕੰਟਰੈਕਟ ਵਰਕਰਾਂ ਦਾ ਭਵਿੱਖ ਖਤਰੇ ਵਿਚ ਪੈ ਗਿਆ ਹੈ। ਇੱਥੇ ਮੋਹਾਲੀ ਪ੍ਰੈਸ ਕਲੱਬ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਫਰੂਡਨਬਰਗ ਨੋਕ ਮਜ਼ਦੂਰ ਏਕਤਾ ਯੂਨੀਅਨ ਨਾਲ ਸਬੰਧਤ (ਏਟਕ) ਵਲੋਂ ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਅਤੇ ਉਪ ਪ੍ਰਧਾਨ ਵਿਨੋਦ ਚੁੱਘ ਦੀ ਅਗਵਾਈ ਵਿਚ ਦੱਸਿਆ ਗਿਆ ਕਿ ਫਰੂਡਨਬਰਗ ਨੋਕ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਪ੍ਰਬੰਧਕਾਂ ਵੱਲੋਂ ਕੰਪਨੀ ਦੀ ਥਾਂ ਨੂੰ ਮੋਰਿੰਡਾ ਵਿਖੇ ਤਬਦੀਲ ਕਰਨ ਦੇ ਨਾਂਅ ਉਤੇ ਗੈਰਕਾਨੂੰਨੀ ਢੰਗ ਨਾਲ ਬੰਦ ਕਰਕੇ ਕਰੀਬ 600 ਕੰਟਰੈਕਟ ਵਰਕਰਾਂ ਦੀਆਂ ਨੌਕਰੀਆਂ ਸਮਾਪਤ ਕਰਨ ਅਤੇ ਰੋਜ਼ੀ-ਰੋਟੀ ਉਤੇ ਡਾਕਾ ਮਾਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਥੇ ਹੀ ਬਸ ਨਹੀਂ ਸਗੋਂ ਵਰਕਰਾਂ ਦੇ ਕਰੀਬ 3000 ਪਰਵਾਰਕ ਮੈਂਬਰਾਂ ਨੂੰ ਭੁੱਖਮਰੀ ਵੱਲ ਧਕੇਲਿਆ ਜਾ ਰਿਹਾ ਹੈ। ਇਸ ਦੌਰਾਨ ਉਪਰੋਕਤ ਆਗੂਆਂ ਨੇ ਕੰਪਨੀ ਵਲੋਂ ਮਜ਼ਦੂਰਾਂ ਅੱਗੇ ਖੜ੍ਹੇ ਕੀਤੇ ਸੰਕਟ ਦਾ ਜ਼ਿਕਰ ਕਰਦਿਆਂ ਦੱਸ

8-JAN-PAGE-9.qxd 1/7/2024 9:42 PM Page 1

ਬਿਰਧ ਆਸ਼ਰਮ ਸਪਰੋੜ ਵਿਖੇ ਨਵਜੰਮੀਆਂ ਦੀ ਲੋਹੜੀ 11 ਨੂੰ

ਫਗਵਾੜਾ (ਜਗਵਿੰਦਰ ਢੱਡਾ)- ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਰਜਿ. ਫਗਵਾੜਾ ਵੱਲੋਂ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਵਿੱਚ ਨੇਤਰਹੀਣ ਅਤੇ ਨਵ ਜੰਮੀਆਂ ਧੀਆਂ ਦੀ ਲੋਹੜੀ 11 ਜਨਵਰੀ ਨੂੰ ਸਵੇਰੇ 11ਵਜੇ ਤੋਂ 1 ਵਜੇ ਤੱਕ ਗੁਰੂ ਨਾਨਕ ਮਿਸ਼ਨ ਨੇਤਰਹੀਣ ਅਤੇ ਬਿਰਧ ਆਸ਼ਰਮ ਸਪਰੋੜ ਵਿਖੇ ਮਨਾਈ ਜਾ ਰਹੀ ਹੈ ਜਿਸ ਦਾ ਸੱਦਾ ਪੱਤਰ ਅੱਜ ਮਨਦੀਪ ਸਿੰਘ ਨਾਇਬ ਤਹਿਸੀਲਦਾਰ ਫਗਵਾੜਾ ਨੂੰ ਦਿੰਦੇ ਹੋਏ ਸੋਸਾਇਟੀ ਦੇ ਉਪ ਪ੍ਰਧਾਨ ਰਵਿੰਦਰ ਸਿੰਘ ਰਾਏ, ਜਨਰਲ ਸਕੱਤਰ ਵਿਜੇ ਕੁਮਾਰ, ਮਨਦੀਪ ਬੱਸੀ, ਜਗਜੀਤ ਸੇਠ, ਸਾਹਿਬਜੀਤ ਸਾਬੀ, ਡਾ. ਨਰੇਸ਼ ਬਿੱਟੂ, ਗੁਰਦੀਪ ਸਿੰਘ ਤੁਲੀ, ਰਾਜ ਬਸਰਾ ਤੇ ਰਾਜ ਕੁਮਾਰ ਰਾਜ ਹਾਜ਼ਰ ਸਨ।

ਜੂਡੋ ਤੇ ਹੈਂਡਬਾਲ ਖਿਡਾਰਨਾਂ ਦੀ ਨੈਸ਼ਨਲ ਖੇਡਾਂ ਲਈ ਚੋਣ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਸਕੂਲੀ ਨੈਸ਼ਨਲ ਖੇਡਾਂ ਜੋ ਕਿ ਵੱਖ-ਵੱਖ ਰਾਜਾਂ 'ਚ ਹੋ ਰਹੀਆਂ ਹਨ ਜਿਨ੍ਹਾਂ 'ਚ ਰੇਲਵੇ ਮੰਡੀ ਦੀ ਖਿਡਾਰਨ ਮਾਹੀ ਰਾਜਸਥਾਨ ਵਿੱਚ ਜੂਡੋ 'ਚ ਭਾਗ ਲਵੇਗੀ। ਹੈਂਡਬਾਲ ਅੰਡਰ 14 ਦੀ ਈਸਾ ਜੋ ਦਿੱਲੀ ਵਿਖੇ ਨੈਸ਼ਨਲ ਖੇਡ ਕੇ ਵਾਪਸ ਸਕੂਲ ਪਰਤੀ ਹੈਂਡਬਾਲ ਅੰਡਰ 19 ਸੁਨੀਤਾ ਕੁਮਾਰੀ ਅਤੇ ਕੋਮਲ ਕੁਮਾਰੀ ਜੋ ਕਿ ਹਿਸਾਰ ਵਿਖੇ ਨੈਸ਼ਨਲ ਖੇਡਣ ਲਈ ਜਾ ਰਹੀਆਂ ਹਨ। ਅੰਡਰ 17 ਹੈਂਡਬਾਲ ਗੁਡੀਆ ਕੁਮਾਰੀ, ਅੰਜਲੀ ਕੁਮਾਰੀ ਦੋ ਖਿਡਾਰਨਾਂ ਦੀ ਨੈਸ਼ਨਲ ਖੇਡਾਂ ਵਿੱਚ ਚੋਣ ਹੋਈ। ਪ੍ਰਿੰਸੀਪਲ ਲਲਿਤਾ ਅਰੋੜਾ ਨੇ ਇਨ੍ਹਾਂ ਖਿਡਾਰਨਾਂ ਨੂੰ ਨੈਸ਼ਨਲ ਖੇਡਾਂ 'ਚ ਜਾਣ ਤੋਂ ਪਹਿਲਾਂ ਅਸ਼ੀਰਵਾਦ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਇਨ੍ਹਾਂ ਦੇ ਕੋਚ ਅਤੇ ਸਰੀਰਕ ਸਿੱਖਿਆ ਅਧਿਆਪਕ ਜੋਗਿੰਦਰ ਕੌਰ ਅਤੇ ਸਰਬਜੀਤ ਕੌਰ ਨੂੰ ਵਧਾਈ ਦਿੱਤੀ। ਇਸ ਮੌਕੇ ਬੀਰਬਲ ਸਿੰਘ, ਰਵਿੰਦਰ ਕੌਰ, ਸਰੋਜ ਕੁਮਾਰੀ, ਚੰਦਰ ਪ੍ਰਭਾ ਹਾਜ਼ਰ ਸਨ।

ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਸੇਵਾ ਸੁਸਾਇਟੀ ਦਾ ਹੋਇਆ ਵਿਸ਼ੇਸ਼ ਸਨਮਾਨ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਬੀਤੇ ਦਿਨੀਂ ਆਸ਼ਰੀ ਉਮੀਦ ਵੈਲਫ਼ੇਅਰ ਸੁਸਾਇਟੀ ਰਜਿ ਜਲੰਧਰ ਵੱਲੋਂ ਮਾਨਤਾ ਦੀ ਸੇਵਾ ਵਿੱਚ ਇੱਕ ਹੋਰ ਪਹਿਲ ਕਦਮੀ ਕਰਦਿਆਂ ਮੁੱਖ ਸੇਵਾਦਾਰ ਜਤਿੰਦਰਪਾਲ ਸਿੰਘ ਦੀ ਯੋਗ ਅਗਵਾਈ ਵਿੱਚ ਨਵਾਂ ਸਾਲ, ਨਵੀਂ ਉਮੀਦ, ਨਵੀਂ ਬ੍ਰਾਂਚ ਦੇ ਤਹਿਤ ਅਨਾਜ ਮੰਡੀ ਧੰਨਾ ਵਿੱਖੇ ਦੁਕਾਨ ਨੰਬਰ 12 2 ਵਿੱਖੇ ਆਖਰੀ ਉਮੀਦ ਵੈਲਫ਼ੇਅਰ ਸੁਸਾਇਟੀ ਦੀ ਚੌਥੀ ਬ੍ਰਾਂਚ ਦਾ ਉਦਘਾਟਨੀ ਸਮਾਰੋਹ ਕਰਵਾਇਆ ਗਿਆ ਅਤੇ ਖੂਨਦਾਨ ਕੈਂਪ ਵੀ ਲਗਾਇਆ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੀ ਦੁਆਬੇ ਇਲਾਕੇ ਦੀ ਸਿਰਮੌਰ ਸੰਸਥਾ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਸੇਵਾ ਸੁਸਾਇਟੀ ਡਰੋਲੀ ਕਲਾਂ ਆਦਮਪੁਰ ਦੁਆਬਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਸੇਵਾ ਸੁਸਾਇਟੀਆਂ ਦੇ ਆਪਸੀ ਪਿਆਰ ਸਦਕਾ ਹੀ ਮਾਨਵਤਾ ਦੀ ਸੇਵਾ ਨੂੰ ਰਲ ਮਿਲ ਕੇ ਕਰਨ ਦੀ ਵੱਚਨਬੱਧਤਾ ਨੂੰ ਦਿਸ਼ਰਾਇਆ ਗਿਆ।ਇਸ ਮੌਕੇ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਸੇਵਾ ਸੁਸਾਇਟੀ ਦੇ ਸੈਕਟਰੀ ਲਖਵੀਰ ਸਿੰਘ ਅਤੇ ਸੇਵਾਦਾਰ ਭਾਈ ਸੁਖਜੀਤ ਸਿੰਘ ਵੱਲੋਂ ਆਸ਼ਰੀ ਉਮੀਦ ਵੈਲਫ਼ੇਅਰ ਸੁਸਾਇਟੀ ਦੀਆਂ ਅਨਮੋਲ ਸੇਵਾਵਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਮੁੱਖ ਪ੍ਰਬੰਧਕ ਵੀਰ ਜਤਿੰਦਰਪਾਲ ਸਿੰਘ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

ਬਿਜਲੀ ਦਫਤਰ 'ਚੋਂ ਲੱਖਾਂ ਦਾ ਸਮਾਨ ਚੋਰੀ

ਆਦਮਪੁਰ (ਪਰਮਜੀਤ ਸਿੰਘ)—ਬੀਤੀ ਰਾਤ ਚੋਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ ਉੱਪ ਮੰਡਲ ਦਫਤਰ ਆਦਮਪੁਰ ਨੂੰ ਨਿਸ਼ਾਨਾ ਬਣਾ ਲੱਖਾਂ ਰੁਪਏ ਦਾ ਸਮਾਨ ਚੋਰੀ ਕਰ ਫਰਾਰ ਹੋ ਗਏ । ਪੁਲਸ ਨੂੰ ਕੀਤੀ ਸ਼ਿਕਾਇਤ 'ਚ ਪਾਵਰਕਾਮ ਦੇ ਦਫਤਰ ਆਦਮਪੁਰ ਜੇ. ਈ. ਸਤਨਾਮ ਸਿੰਘ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਸ਼ਨੀਵਾਰ ਦੀ ਸਵੇਰ ਨੂੰ ਦਫਤਰ ਆਏ ਤਾਂ ਉਨ੍ਹਾਂ ਦੇਖਿਆ ਕਿ ਉਨ੍ਹਾਂ ਦੇ ਕਮਰੇ ਦਾ ਤਾਲਾ ਟੁੱਟਾ ਹੋਇਆ ਸੀ ਤੇ ਬਿਜਲੀ ਦਾ ਕਾਫੀ ਸਮਾਨ ਚੋਰੀ ਹੋ ਚੁੱਕਾ ਸੀ ਜਦ ਉਨ੍ਹਾਂ ਨੇ ਪਿਛਲੇ ਕਮਰੇ ਚੈੱਕ ਕੀਤੇ ਤ ਉਨ੍ਹਾਂ ਦੇ 2 ਨੰਬਰ ਸਟੋਰ ਦੇ ਵੀ ਤਾਲੇ ਟੁੱਟੇ ਹੋਏ ਸਨ, ਜਿਨ੍ਹਾਂ 'ਚੋਂ ਕੀਮਤੀ ਸਮਾਨ ਗਾਇਬ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸਾਥੀ ਜੇ. ਈ. ਅਮਰਜੀਤ ਸਿੰਘ ਦਾ ਵੀ ਉਨ੍ਹਾਂ ਦਾ ਸਮਾਨ ਚੋਰੀ ਹੋ ਚੁੱਕਾ ਸੀ। ਜੇ ਈ ਸਤਨਾਮ ਸਿੰਘ ਨੇ ਦੱਸਿਆ ਕਿ ਚੋਰ ਏ.ਸੀ.ਐਸ.ਆਰ., ਗੋ -ਸਵਿੱਚ, ਚੈਨਲ, ਨੱਟ ਬੋਲਟ, ਸਟੇਅ ਵਾਇਰ, ਡੈਡ ਐਨਡ ਕਲੈਮਪ, ਪੀਵੀਸੀ 2/ਸੀ ਅਤੇ 4/ਸੀ ਸਮਾਨ ਚੋਰੀ ਕਰ ਲੈ ਗਏ, ਜਿਸਦੀ ਕੁੱਲ ਕੀਮਤ ਪੰਜ ਲੱਖ ਨੱਬੇ ਹਜ਼ਾਰ ਪੰਜ ਸੌ ਸੱਠ (590560) ਬਣਦੀ ਹੈ। ਥਾਣਾ ਮੁੱਖੀ ਸਬ ਇੰਸਪੈਕਟਰ ਮਨਜੀਤ ਸਿੰਘ ਨੇ ਦੱਸਿਆ ਕਿ ਉਹ ਮੌਕੇ 'ਤੇ ਜਾ ਕੇ ਮਾਮਲੇ ਦੀ ਜਾਂਚ ਕਰ ਆਏ ਹਨ ਜਲਦ ਹੀ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਪੁਲਸ ਦੀ ਹਿਰਾਸਤ 'ਚ ਹੋਣਗੇ।

ਸੈਂਕੜੇ ਫਰਿਆਦੀ ਗ੍ਰਹਿ ਤੇ ਸਿਹਤ ਮੰਤਰੀ ਵਿੱਜ ਦੀ ਰਿਹਾਇਸ਼ 'ਤੇ ਪੁੱਜੇ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਹਰਿਆਣਾ ਦੇ ਗ੍ਰਹਿ ਤੇ ਸਿਹਤ ਮੰਤਰੀ ਅਨਿਲ ਵਿਜ ਤੋਂ ਨਿਆਂ ਦੀ ਆਸ ਲੈ ਕੇ ਸ਼ਨੀਵਾਰ ਨੂੰ ਸੂਬੇ ਭਰ ਤੋਂ ਸੈਂਕੜੇ ਫਰਿਆਦੀ ਅੰਬਾਲਾ ਸਥਿਤ ਉਨ੍ਹਾਂ ਦੀ ਰਿਹਾਇਸ਼ 'ਤੇ ਪੁੱਜੇ। ਗ੍ਰਹਿ ਮੰਤਰੀ ਦੇ ਸਾਹਮਣੇ ਕਬੂਤਰਬਾਜ਼ੀ ਦੇ ਕਈ ਮਾਮਲੇ ਆਏ, ਜਿੰਨ੍ਹਾਂ 'ਤੇ ਕਾਰਵਾਈ ਲਈ ਉਨ੍ਹਾਂ ਨੇ ਕਬੂਤਰਬਾਰੀ ਲਈ ਗਠਿਤ ਐਸਆਈਟੀ ਨੂੰ ਕਾਰਵਾਈ ਦੇ ਆਦੇਸ਼ ਦਿੱਤੇ। ਕੈਥਲ ਤੋਂ ਆਏ ਫਰਿਆਦੀ ਨੇ ਗ੍ਰਹਿ ਮੰਤਰੀ ਅਨਿਲ ਵਿਜ ਨੂੰ ਦਸਿਆ ਕਿ ਏਜੰਟਾਂ ਨੇ ਉਸ ਨੂੰ ਜਰਮਨੀ ਵਰਕ ਵੀਜਾ 'ਤੇ ਭੇਜਣ ਦੇ ਨਾਂਅ 'ਤੇ 6 ਲੱਖ ਰੁਪਏ ਦੀ ਠੱਗੀ ਕੀਤੀ. ਉਨ੍ਹਾਂ ਦਸਿਆ ਕਿ ਪਹਿਲਾਂ ਏਜੰਟਾਂ ਨੇ ਉਸ ਨੂੰ ਜਰਮਨੀ ਭੇਜਣ ਦਾ ਝਾਂਸਾ ਦੇਕੇ ਰੂਸ ਭੇਜ ਦਿੱਤਾ, ਉੱਥੇ ਕੁਝ ਦਿਨ ਰਹਿਣ ਤੋਂ ਬਾਅਦ ਅੱਗੇ ਭੇਜਣ ਦੀ ਥਾਂ ਵਾਪਸ ਭਾਰਤ ਆਉਣ ਨੂੰ ਕਿਹਾ ਗਿਆ। ਇਸ ਤੋਂ ਬਾਅਦ ਏਜੰਟਾਂ ਨੇ ਉਸ ਨੂੰ ਸ੍ਰੀਲੰਕਾ ਦੇ ਰਸਤੇ ਦੁਬਈ ਭੇਜਿਆ ਅਤੇ ਝਾਂਸਾ ਦਿੱਤਾ ਕਿ ਅੱਗੇ ਜਰਮਨੀ ਜਲਦ ਭੇਜ ਦਿੱਤਾ ਜਾਵੇਗਾ। ਦੁਬਈ ਵਿਚ ਕੁਝ ਮਹੀਨੇ ਰਹਿਣ ਤੋਂ ਬਾਅਦ ਉਸ ਨੂੰ ਕਜਾਕਿਸਤਾਨ ਭੇਜਿਆ ਗਿਆ, ਜਿੱਥੇ ਪੁਲਸ ਨੇ ਉਸ ਨੂੰ ਫੜ ਲਿਆ। ਇਸ ਤੋਂ ਬਾਅਦ ਪੁਲਸ ਨੇ ਬੀਤੇ ਸਾਲ ਜੁਲਾਈ ਮਹੀਨੇ ਵਿਚ ਡੀਪੋਰਟ ਕਰਦੇ ਹੋਏ ਨਵੀਂ ਦਿੱਲੀ ਦੀ ਫਲਾਇਟ 'ਤੇ ਬਿਠਾ ਦਿੱਤਾ। ਦੇਸ਼ ਵਿਚ ਆ ਕੇ ਉਸ ਨੇ ਏਜੰਟਾਂ ਤੋਂ ਪੈਸੇ ਵਾਪਸ ਮੰਗੇ ਤਾਂ ਉਸ ਨੂੰ ਧਮਕੀ ਦਿੱਤੀ ਗਈ। ਇਸ ਤਰ੍ਹਾਂ ਕਬੂਤਰਬਾਜ਼ੀ ਦੇ ਇਕ ਹੋਰ ਮਾਮਲੇ ਵਿਚ ਯਮੁਨਾਨਗਰ ਵਾਸੀ ਨੌਜੁਆਨ ਨੂੰ ਪੁਰਤਗਾਲ ਭੇਜਣ ਦੇ ਨਾਂਅ 'ਤੇ ਏਜੰਟਾਂ ਨੇ 9 ਲੱਖ ਰੁਪਏ ਦੀ ਠੱਗੀ ਕੀਤੀ। ਨੌਜੁਆਨ ਨੇ ਗ੍ਰਹਿ ਮੰਤਰੀ ਅਨਿਲ ਵਿਜ ਨੂੰ ਦਸਿਆ ਕਿ ਪੁਰਤਗਾਤ ਭੇਜਣ ਲਈ ਏਜੰਟਾਂ ਵੱਲੋਂ ਵੀਜਾ ਉਸ ਨੂੰ ਵਿਖਾਇਆ ਗਿਆ, ਪਰ ਉਹ ਫਰਜੀ ਸੀ। ਇਸ ਤਰ੍ਹਾਂ ਕੁਰੂਕਸ਼ੇਤਰ ਵਾਸੀ ਕੁੜੀ ਨੇ ਦਸਿਆ ਕਿ ਉਸ ਨੂੰ ਸਟਡੀ ਵੀਜਾ 'ਤੇ ਇੰਗਲੈਂਡ ਭੇਜਣ ਦੇ ਨਾਂਅ 'ਤੇ ਏਜੰਟਾਂ ਨੇ ਉਸ ਨਾਲ 21 ਲੱਖ ਰੁਪਏ ਦੀ ਠੱਗੀ ਕੀਤੀ, ਜੋ ਵੀਜਾ ਉਸ ਨੂੰ ਦਿੱਤਾ ਗਿਆ ਉਹ ਫਰਜੀ ਸੀ। ਉੱਥੇ ਕੁਰੂਕਸ਼ੇਤਰ ਵਾਸੀ ਨੌਜੁਆਨ ਨੇ ਦਸਿਆ ਕਿ ਉਸ ਨੂੰ ਅਮਰੀਕਾ ਭੇਜਣ ਦੇ ਨਾਂਅ 'ਤੇ 9.50 ਲੱਖ ਰੁਪਏ ਦੀ ਠੱਗੀ ਕੀਤੀ ਗਈ। ਭਿਵਾਨੀ ਤੋਂ ਆਏ ਫਰਿਆਦੀ ਨੇ ਗ੍ਰਹਿ ਮੰਤਰੀ ਨੂੰ ਫਰਿਆਦ ਦਿੰਦੇ ਹੋਏ ਦਸਿਆ ਕਿ ਭਿਵਾਨ ਵਿਚ ਉਸ ਨੂੰ ਇਕ ਠੱਗ ਨੇ ਇਨਕਮ ਟੈਕਸ ਵਿਭਾਗ ਵਿਚ ਨੌਕਰੀ ਦਿਵਾਉਣ ਦੇ ਨਾਂਅ 'ਤੇ ਉਸ ਨਾਲ 21.65 ਲੱਖ ਰੁਪਏ ਦੀ ਠੱਗੀ ਕੀਤੀ। ਇਸ ਤੋਂ ਬਾਅਦ ਨਾ ਨੌਕਰੀ ਲੱਗੀ ਨਾ ਪੈਸੇ ਵਾਪਸ ਮਿਲੇ। ਉਸ ਨੇ ਭਿਵਾਨੀ ਪੁਲਸ ਥਾਣੇ ਵਿਚ ਕੇਸ ਦਰਜ ਵੀ ਕਰਵਾਇਆ, ਮਗਰ ਪੁਲਸ ਨੇ ਕਈ ਕਾਰਵਾਈ ਨਹੀਂ ਕੀਤੀ। ਗ੍ਰਹਿ ਮੰਤਰੀ ਨੇ ਮਾਮਲੇ ਵਿਚ ਸਟੇਟ ਕਰਾਇਮ ਬਿਊਰੋ ਨੂੰ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ। ਕੈਥਲ ਤੋਂ ਆਏ ਫਰਿਆਦੀ ਨੇ ਗ੍ਰਹਿ ਮੰਤਰੀ ਨੂੰ ਦਸਿਆ ਕਿ ਉਸ ਦੇ ਬੇਟੇ ਦੀ ਹੱਤਿਆ ਕੁਝ ਮਹੀਨੇ ਪਹਿਲਾਂ ਹੋਈ ਸੀ। ਪੁਲਸ ਨੇ ਕੇਸ ਦਰਜ ਕੀਤਾ, ਮਗਰ ਹੁਣ ਤਕ ਨਾ ਤਾਂ ਦੋਸ਼ੀਆਂ ਨੂੰ ਫੜਿਆ ਗਿਆ ਅਤੇ ਨਾ ਹੀ ਸਹੀ ਢੰਗ ਨਾਲ ਪੁਲਸ ਨੇ ਜਾਂਚ ਕੀਤੀ। ਗ੍ਰਹਿ ਮੰਤਰੀ ਨੇ ਐਸਪੀ ਕੈਥਲ ਨੂੰ ਮਾਮਲੇ ਦੀ ਜਾਂਚ ਲਈ ਵੱਖ ਤੋਂ ਐਸਆਈਟੀ ਗਠਿਤ ਕਰਕੇ ਕਾਰਵਾਈ ਦੇ ਆਦੇਸ਼ ਦਿੱਤੇ। ਇਸ ਤਰ੍ਹਾਂ ਕੈਥਲ ਤੋਂ ਆਈ ਮਹਿਲਾ ਨੇ ਪਤਿ ਦੀ ਆਤਮਹੱਤਿਆ ਮਾਮਲੇ ਦੀ ਜਾਂਚ ਦੀ ਗੁਹਾਰ ਲਗਾਈ, ਜਿਸ 'ਤੇ ਗ੍ਰਹਿ ਮੰਤਰੀ ਨੇ ਐਸਪੀ ਕੈਥਲ ਨੂੰ ਮੁੜ ਜਾਂਚ ਦੇ ਆਦੇਸ਼ ਦਿੱਤੇ। ਅੰਬਾਲਾ ਦੇ ਨਰਾਇਣਗੜ੍ਹ ਤੋਂ ਆਈ ਬਜੁਰਗ ਮਹਿਲਾ ਨੇ ਬੇਟੇ ਵੱਲੋਂ ਉਸ ਨੂੰ ਘਰ ਤੋਂ ਕੱਢਣ ਘਰ 'ਤੇ ਤਾਲਾ ਲਗਾਉਣ ਦੀ ਸ਼ਿਕਾਇਤ ਦਿੱਤੀ, ਜਿਸ 'ਤੇ ਅਨਿਲ ਵਿਜ ਨੇ ਐਸਡੀਐਮ ਨਰਾਇਣਗੜ੍ਹ ਨੂੰ ਕਾਰਵਾਈ ਦੇ ਆਦੇਸ਼ ਦਿੱਤੇ। ਗੀਨੌਰ ਤੋਂ ਆਏ ਫਰਿਆਦੀ ਨੇ ਉਸ ਦੇ ਮੁੰਡੇ ਦੀ ਹੱਤਿਆ ਵਿਚ ਦੋਸ਼ੀਆਂ ਦੀ ਗ੍ਰਿਫਤਾਰੀ ਨਹੀਂ ਹੋਣ ਦੀ ਸ਼ਿਕਾਇਤ ਦਿੱਤੀ, ਜਿਸ 'ਤੇ ਗ੍ਰਹਿ ਮੰਤਰੀ ਅਨਿਲ ਵਿਜ ਨੇ ਮਾਮਲੇ ਦੀ ਮੁੜ ਜਾਂਚ ਦੇ ਆਦੇਸ਼ ਦਿੱਤੇ। ਇਸ ਤਰ੍ਹਾਂ, ਗ੍ਰਹਿ ਮੰਤਰੀ ਅਨਿਲ ਵਿਜ ਨੇ ਸਾਹਮਣੇ ਕਈ ਹੋਰ ਮਾਮਲੇ ਆਏ ਜਿਸ 'ਤੇ ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਕਾਰਵਾਈ ਦੇ ਦਿਸ਼ਾ-ਨਿਰਦੇਸ਼ ਦਿੱਤੇ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੂਬੇ ਭਰ ਤੋਂ ਆਏ ਗ੍ਰਹਿ ਮੰਤਰੀ ਅਨਿਲ ਵਿਜ ਦੀ ਰਿਹਾਇਸ਼ 'ਤੇ ਜੁੱਟੇ ਫਰਿਆਦੀਆਂ ਦੇ ਸੁਆਲ ਦੇ ਜਵਾਬ ਵਿਚ ਕਿਹਾ ਕਿ ਲੋਕਾਂ ਦੀਆਂ ਸ਼ਿਕਾਇਤਾਂ 'ਤੇ ਉਨ੍ਹਾਂ ਦਾ ਹਲ ਵੀ ਹੁੰਦਾ ਹੈ, ਮਗਰ ਕਈ ਵਾਰ ਉਹ ਸੰਤੁਸ਼ਟ ਨਹੀਂ ਹੁੰਦੇ ਤਾਂ ਅਜਿਹੇ ਵਿਚ ਉਨ੍ਹਾਂ ਦੀ ਸੰਤੁਸ਼ਟ ਕਰਨ ਦਾ ਯਤਨ ਕੀਤੇ ਜਾਂਦੇ ਹਨ ਅਤੇ ਜਨਤਾ ਦੀਆਂ ਸ਼ਿਕਾਇਤਾਂ 'ਤੇ ਜੋ ਅਧਿਕਾਰੀ ਕੰਮ ਨਹੀਂ ਕਰਦੇ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਂਦੀ ਹੈ।

ਦਲਿਤਾਂ ਤੇ ਪਛੜੇ ਵਰਗਾਂ ਦੀ ਹਕੂਮਤ ਕਾਇਮ ਕਰਨਾ ਬਸਪਾ ਦਾ ਮੁੱਖ ਨਿਸ਼ਾਨਾ : ਗੜ੍ਹੀ

ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)-ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਵਰਕਰਾਂ ਦਾ ਭਰਵਾਂ ਇਕੱਠ ਮੀਟਿੰਗ ਹਾਲ ਗੁਰੂ ਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਹੋਇਆ। ਇਕੱਠ ਨੂੰ ਸੰਬੋਧਨ ਕਰਦਿਆਂ ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਅੰਦਰ ਦਲਿਤਾਂ ਪਛੜਿਆਂ 'ਤੇ ਹਰ ਰੋਜ਼ ਅੰਨੇਵਾਹ ਤਸ਼ੱਸਦ ਹੋ ਰਿਹਾ ਹੈ ਜਿਸਦੀ ਤਾਜ਼ਾ ਉਦਾਹਰਨ ਰੋਪੜ ਜ਼ਿਲ੍ਹੇ ਦੇ ਧਮਾਣਾ ਪਿੰਡ ਵਿੱਚ ਨਬਾਲਿਗ ਲੜਕੀ ਦਾ ਬਲਾਤਕਾਰ ਕਰਨ ਤੋਂ ਬਾਅਦ ਖੁਦਕੁਸ਼ੀ ਕਰਨਾ , ਤੇ ਤਾਜਾ ਦੂਜੀ ਘਟਨਾ ਹੁਸ਼ਿਆਰਪੁਰ ਵਿਖੇ ਬਸਪਾ ਆਗੂ ਸੰਦੀਪ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰਨਾ ਹੈ। ਇਨ੍ਹਾਂ ਘਟਨਾਵਾਂ ਤੋਂ ਸਾਫ ਹੈ ਕਿ ਅਜ਼ਾਦੀ ਦੇ 75 ਸਾਲ ਬੀਤ ਜਾਣ ਤੋਂ ਬਾਅਦ ਵੀ ਦਲਿਤਾਂ ਪਛੜਿਆਂ 'ਤੇ ਜ਼ੁਲਮ ਹੋ ਰਹੇ ਹਨ। ਗੜ੍ਹੀ ਤੇ ਅਜੀਤ ਸਿੰਘ ਭੈਣੀ ਇੰਚਾਰਜ ਬਸਪਾ ਪੰਜਾਬ ਨੇ ਕਿਹਾ ਕਿ ਪੰਜਾਬ ਅੰਦਰ ਇਨ੍ਹਾਂ ਜ਼ੁਲਮਾਂ ਤੋਂ ਛੁਟਕਾਰਾ ਪਾਉਣ ਲਈ ਦਲਿਤਾਂ ਪਛੜਿਆਂ ਨੂੰ ਆਪਣਾ ਰਾਜ ਬਣਾਉਣਾ ਪਵੇਗਾ।ਜਿਸ ਲਈ ਬਸਪਾ ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਦੀ ਪੂਰਤੀ ਲਈ ਸੰਘਰਸ਼ ਕਰ ਰਹੀ ਹੈ। ਮਿਸ਼ਨ ਦੀ ਪੂਰਤੀ ਲਈ ਬਸਪਾ ਹਲਕਾ ਸ੍ਰੀ ਚਮਕੌਰ ਸਾਹਿਬ ਵੱਲੋਂ ਰਾਜਾ ਰਾਜਿੰਦਰ ਸਿੰਘ ਨਨਹੇੜੀਆਂ ਜਨਰਲ ਸਕੱਤਰ ਬਸਪਾ ਪੰਜਾਬ ਨਰਿੰਦਰ ਸਿੰਘ ਬਡਵਾਲੀ ਦੀ ਅਗਵਾਈ ਹੇਠ ਪਾਰਟੀ ਨੂੰ ਆਰਥਿਕ ਸਹਿਯੋਗ ਲਈ ਇੱਕ ਲੱਖ ਇੱਕ ਹਜ਼ਾਰ (1,01,000) ਦੀ ਥੈਲੀ ਭੇਟ ਕੀਤੀ ਗਈ।ਇਸ ਮੌਕੇ ਜ਼ਿਲ੍ਹਾ ਇੰਚਾਰਜ ਦਰਸ਼ਨ ਸਿੰਘ ਸਮਾਣਾ, ਜ਼ਿਲ੍ਹਾ ਜਨਰਲ ਸਕੱਤਰ ਨਰਿੰਦਰ ਸਿੰਘ ਬਡਵਾਲੀ, ਸੂਬੇਦਾਰ ਪਰਮਜੀਤ ਸਿੰਘ, ਡਾ. ਬਲਜੀਤ ਸਿੰਘ, ਕੈਪਟਨ ਕਰਮਜੀਤ ਸਿੰਘ ਲੁਹਾਰੀ, ਯੂਥ ਆਗੂ ਗੁਰਦੀਪ ਸਿੰਘ ਪਿੱਪਲ ਮਾਜਰਾ, ਗੁਰਨਾਮ ਸਿੰਘ ਪਿੱਪਲ ਮਾਜਰਾ , ਫ਼ਕੀਰ ਸਿੰਘ, ਬਲਵਿੰਦਰ ਸਿੰਘ ਭੂਰੇੜੇ, ਪ੍ਰੇਮ ਸਿੰਘ ਮੋਰਿੰਡਾ ਮਨਜੀਤ ਸਿੰਘ , ਗੁਰਨਾਮ ਸਿੰਘ ,ਸਰਬਜੀਤ ਸਿੰਘ, ਜਸਪਾਲ ਸਿੰਘ, ਮੱਲ ਸਿੰਘ, ਨਸੀਬ ਸਿੰਘ ਬੇਲਾ, ਕਰਨੈਲ ਸਿੰਘ ਮੱਕੋਵਾਲ, ਕਮਲਜੀਤ ਸਿੰਘ ਪਿੱਪਲ ਮਾਜਰਾ, ਮੋਦਨ ਸਿੰਘ ਖਾਲਸਾ ਆਦਿ ਆਗੂ ਹਾਜ਼ਰ ਸਨ।

8-JAN-PAGE-10.qxd 1/7/2024 9:31 PM Page 1

ਮੇਰੇ 'ਤੇ ਹਮਲਾ ਕਰਾਉਣ ਵਾਲੇ ਨੂੰ ਬੀ ਡੀ ਪੀ ਓ ਦਫਤਰ 'ਚ ਦਿੱਤੀ ਨੌਕਰੀ : ਕਾਲਾ ਸਿੰਘ

■ ਪ੍ਰੈੱਸ ਕਾਨਫਰੰਸ ਕਰਕੇ ਲਗਾਏ ਦੋਸ਼

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ) ਪ੍ਰੈੱਸ ਕਲੱਬ ਗੁਰੂ ਹਰਸਹਾਏ ਵਿਖੇ ਪ੍ਰੈੱਸ ਕਾਨਫਰੰਸ ਕਰਕੇ ਸਾਬਕਾ ਸਰਪੰਚ ਪਿੰਡ ਦੁੱਲੇਵਾਲਾ ਦੇ ਪਤੀ ਕਾਲਾ ਸਿੰਘ ਨੇ ਕਥਿਤ ਦੋਸ਼ ਲਗਾਉਂਦੇ ਹੋਏ ਬੀ ਡੀ ਪੀ ਓ ਦਫਤਰ ਵਿਖੇ ਨੌਕਰੀ 'ਤੇ ਰੱਖੇ ਗਏ ਵਿਅਕਤੀ ਇਕਬਾਲ ਚੰਦ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਕਾਲਾ ਸਿੰਘ ਨੇ ਦੱਸਿਆ ਕਿ ਸੰਨ 2016 ਵਿੱਚ ਉਸ ਦੀ ਪਤਨੀ ਪਿੰਡ ਦੀ ਸਰਪੰਚ ਸੀ, ਮੈਂ ਪੈਨਸ਼ਨ ਦੇ ਪੈਸੇ ਕਢਵਾ ਕੇ ਜਦੋਂ ਆਪਣੇ ਪਿੰਡ ਜਾ ਰਿਹਾ ਸੀ ਤਾਂ ਉਸ ਸਮੇਂ ਸ਼ੇਰ ਸਿੰਘ ਵਾਲਾ ਪਿੰਡ ਦੇ ਕੋਲ ਕੁਝ ਲੋਕਾਂ ਨੇ ਮੇਰੇ ਤੋਂ ਪੈਨਸ਼ਨ ਦੇ ਪੈਸੇ ਲੁੱਟਣ ਦੀ ਕੋਸ਼ਿਸ਼ ਕੀਤੀ, ਉਸ ਵਕਤ ਮੈਂ ਪੈਸੇ ਉਨ੍ਹਾਂ ਨੂੰ ਨਹੀਂ ਦਿੱਤੇ ਤਾਂ ਉਨ੍ਹਾਂ ਮੇਰੇ ਉੱਪਰ ਗੋਲੀਆਂ ਚਲਾਈਆਂ, ਜਿਸ ਨਾਲ ਮੈਂ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਤੇ ਕਥਿਤ ਵਿਅਕਤੀ ਮੌਕੇ 'ਤੇ ਭੱਜਣ ਵਿੱਚ ਕਾਮਯਾਬ ਹੋ ਗਏ। ਇਸ ਸਾਰੀ ਘਟਨਾ ਦਾ ਮਾਸਟਰ ਮਾਈਂਡ ਇਕਬਾਲ ਚੰਦ ਸੀ, ਜਿਸ ਖਿਲਾਫ ਪੁਲਸ ਨੇ ਐੱਫ ਆਈ ਆਰ ਵੀ ਦਰਜ ਕੀਤੀ ਸੀ, ਪਰ ਇਕਬਾਲ ਚੰਦ ਨੂੰ ਹੇਠਲੇ ਅਦਾਲਤ ਨੇ ਇਸ ਕੇਸ ਵਿੱਚੋਂ ਬਰੀ ਕਰ ਦਿੱਤਾ। ਇਸ ਸਬੰਧੀ ਮੈਂ ਹਾਈ ਕੋਰਟ ਵਿੱਚ ਅਪੀਲ ਪਾਈ ਹੋਈ ਹੈ, ਪਰ ਬੀਡੀਪੀਓ ਦਫਤਰ ਵੱਲੋਂ ਇਕਬਾਲ ਚੰਦ ਨੂੰ ਫਿਰ ਦੁਬਾਰਾ ਨੌਕਰੀ 'ਤੇ ਜੁਆਇਨ ਕਰਵਾ ਲਿਆ ਹੈ, ਜਦ ਕਿ ਉਸ ਦੇ ਖਿਲਾਫ ਹੁਣ ਵੀ ਜਲਾਲਾਬਾਦ ਸਦਰ ਥਾਣੇ ਵਿੱਚ ਇੱਕ ਪਰਚਾ ਦਰਜ ਹੈ, ਕੀ ਦਫਤਰ ਨੇ ਉਸ ਖਿਲਾਫ ਪੁਲਸ ਵੈਰੀਫਿਕੇਸ਼ਨ ਤੋਂ ਬਿਨਾਂ ਕਿਵੇਂ ਜੁਆਇਨ ਕਰਵਾ ਲਿਆ ਹੈ? ਕਾਲਾ ਸਿੰਘ ਨੇ ਦੋਸ਼ ਲਾਇਆ ਕਿ ਬੀਡੀਪੀਓ ਨੇ ਸੁਪਰਡੈਂਟ ਰਾਹੀਂ ਪੈਸੇ ਲੈ ਕੇ ਇਕਬਾਲ ਚੰਦ ਨੂੰ ਜੁਆਇਨ ਕਰਵਾਇਆ ਹੈ। ਇਸ ਸਬੰਧੀ ਜਦੋਂ ਇਕਬਾਲ ਚੰਦ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਕਿਹਾ ਕਿ ਮੈਨੂੰ ਝੂਠੇ ਕੇਸ ਵਿੱਚ ਫਸਾਇਆ ਗਿਆ ਸੀ ਤੇ ਮੈਨੂੰ ਕੋਰਟ ਵੱਲੋਂ ਬਰੀ ਕੀਤਾ ਗਿਆ ਹੈ। ਜਲਾਲਾਬਾਦ ਵਾਲੇ ਕੇਸ ਵਿੱਚ ਵੀ ਰੰਜਿਸ਼ ਦੇ ਚੱਲਦੇ ਕਿਸੇ ਨੇ ਮੇਰਾ ਨਾਂ ਕੇਸ ਵਿੱਚ ਦਰਜ ਕਰਵਾ ਦਿੱਤਾ ਹੈ, ਜੋ ਕਿ ਤਫਤੀਸ਼ ਤੋਂ ਬਾਅਦ ਮਾਨਯੋਗ ਡੀ ਐੱਸ ਪੀ ਅਤੁਲ ਸੋਨੀ ਵੱਲੋਂ ਮੈਨੂੰ ਕਲੀਨ ਚਿੱਟ ਦਿੱਤੀ ਗਈ ਹੈ। ਜਦੋਂ ਪੈਸੇ ਦੇ ਲੇਨ ਦੇਣ ਸਬੰਧੀ ਸੁਪਰਡੈਂਟ ਜਤਿੰਦਰ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਇਹ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ। ਇਸ ਮਾਮਲੇ ਸਬੰਧੀ ਬੀ ਡੀ ਪੀ ਓ ਪ੍ਰਤਾਪ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਇਕਬਾਲ ਚੰਦ ਨੂੰ ਨੌਕਰੀ 'ਤੇ ਰੱਖਣ ਨਾਲ ਮੇਰਾ ਕੋਈ ਸਬੰਧ ਨਹੀਂ, ਉਸ ਨੂੰ ਸਮਿਤੀ ਮੈਂਬਰਾਂ ਨੇ ਮਤਾ ਪਾ ਕੇ ਜੁਆਇਨ ਕਰਵਾਇਆ ਹੈ, ਇਸ ਲਈ ਇਸ ਵਿੱਚ ਮੇਰਾ ਕੋਈ ਰੋਲ ਨਹੀਂ ਹੈ।

ਸਿਵਲ ਸਰਜਨ ਡਾ. ਹਰਿੰਦਰ ਸ਼ਰਮਾ ਵੱਲੋਂ ਸੀ ਐੱਚ ਸੀ ਦਾ ਦੌਰਾ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਸਿਵਲ ਸਰਜਨ ਬਰਨਾਲਾ ਡਾ. ਹਰਿੰਦਰ ਸ਼ਰਮਾ ਵੱਲੋਂ ਸੀ.ਐੱਚ.ਸੀ. ਮਹਿਲ ਕਲਾਂ ਦਾ ਅਚਨਚੇਤ ਦੌਰਾ ਕੀਤਾ ਗਿਆ।ਇਸ ਮੌਕੇ ਉਨ੍ਹਾ ਹਸਪਤਾਲ ਵਿਖੇ ਮਿਲ ਰਹੀਆਂ ਵੱਖ ਵੱਖ ਸਿਹਤ ਸੁਵਿਧਾਵਾਂ ਦਾ ਜਾਇਜ਼ਾ ਵੀ ਲਿਆ।ਹਸਪਤਾਲ ਦੇ ਪ੍ਰਬੰਧਾਂ 'ਤੇ ਸੰਤੁਸ਼ਟੀ ਪ੍ਰਗਟਾਉਂਦਿਆਂ ਉਨ੍ਹਾ ਕਿਹਾ ਕਿ ਸਾਡਾ ਮੁੱਢਲਾ ਫਰਜ਼ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣਾ ਹੈ।ਉਨ੍ਹਾ ਕਿਹਾ ਕਿ ਲੋੜਵੰਦ ਤੇ ਯੋਗ ਵਰਗ ਨੂੰ ਮਿਲਣ ਵਾਲੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤੇ ਹੋਰ ਵੱਖ ਵੱਖ ਯੋਜਨਾਵਾਂ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਵੇ।ਇਸ ਮੌਕੇ ਉਨ੍ਹਾ ਐਮਰਜੈਂਸੀ, ਓ.ਪੀ.ਡੀ. ਜੱਚਾ-ਬੱਚਾ ਵਿਭਾਗ ਵਿੱਚ ਮਰੀਜ਼ਾਂ ਨੂੰ ਮਿਲ ਰਹੀਆਂ ਸਹੂਲਤਾਂ ਦਾ ਵੀ ਜਾਇਜ਼ਾ ਲਿਆ।ਇਸ ਤੋਂ ਇਲਾਵਾ ਉਨ੍ਹਾਂ ਇਲਾਜ ਅਧੀਨ ਮਰੀਜ਼ਾਂ ਨਾਲ ਗੱਲਬਾਤ ਵੀ ਕੀਤੀ ਤੇ ਉਨ੍ਹਾ ਸਮੂਹ ਸਟਾਫ ਨੂੰ ਸਮੇਂ ਦੀ ਪਾਬੰਦੀ ਤੇ ਅਨੁਸ਼ਾਸਨ ਵਿੱਚ ਰਹਿਣ ਦੀ ਹਦਾਇਤ ਕੀਤੀ। ਇਸ ਮੌਕੇ ਡਾ. ਗੁਰਤਜਿੰਦਰ ਕੌਰ ਸੀਨੀਅਰ ਮੈਡੀਕਲ ਅਫ਼ਸਰ, ਸ੍ਰੀ ਕੁਲਜੀਤ ਸਿੰਘ ਬਲਾਕ ਐਜੂਕੇਟਰ, ਚੀਫ਼ ਫਾਰਮੇਸੀ ਅਫ਼ਸਰ ਰਜਿੰਦਰ ਸਿੰਘ, ਮੀਨਾ ਰਾਣੀ ਫਾਰਮੇਸੀ ਅਫ਼ਸਰ, ਜਸਵਿੰਦਰ ਕੌਰ ਸਟਾਫ਼ ਨਰਸ, ਸ੍ਰੀ ਗੁਰਿੰਦਰ ਅੱਤਰੀ, ਸ੍ਰੀ ਹਰਜਿੰਦਰ ਸਿੰਘ ਸਮੇਤ ਹਸਪਤਾਲ ਦਾ ਸਮੂਹ ਸਟਾਫ ਹਾਜ਼ਰ ਸੀ।

ਐੱਸ ਐੱਸ ਪੀ ਦੀ ਗੱਡੀ ਫਸੀ ਟ੍ਰੈਫਿਕ 'ਚ, ਆਮ ਲੋਕਾਂ ਲਈ ਸਖਤੀ, ਜੋਸ਼ਫ ਸਕੂਲ 'ਤੇ ਮੇਹਰਬਾਨੀ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਬੀਤੇ ਦਿਨ ਐਸ ਐਸ ਪੀ ਹਰਮਨਬੀਰ ਦੀ ਆਪਣੀ ਗੱਡੀ ਮਹਿਲਾ ਥਾਣੇ ਕੋਲ ਟ੍ਰੈਫਿਕ ਵਿੱਚ ਫਸੀ ਤਾਂ ਉਸੇ ਸਮੇਂ ਸਾਹਿਬ ਨੇ ਗੁੱਸੇ 'ਚ ਆ ਕੇ ਹੁਕਮ ਚਾੜ੍ਹ ਦਿੱਤੇ ਕਿ ਰੋਡ ਦੇ ਦੋਨਾਂ ਪਾਸੇ ਕੋਈ ਗੱਡੀ ਨਹੀਂ ਖੜ੍ਹੇਗੀ। ਐਸ ਐਸ ਪੀ ਨੇ ਟ੍ਰੈਫਿਕ ਪੁਲਸ ਨੂੰ ਹੁਕਮ ਕੀਤਾ ਕਿ ਜੇਕਰ ਕੋਈ ਵੀ ਗੱਡੀ ਖੜ੍ਹੀ ਮਿਲੇ ਤਾਂ ਉਸ ਨੂੰ ਟੋਅ ਕਰ ਲਿਆ ਜਾਵੇ। ਦੂਸਰੇ ਪਾਸੇ ਸਾਹਿਬ ਇੱਕ ਪ੍ਰਾਈਵੇਟ ਸਕੂਲ 'ਤੇ ਬੜੇ ਮੇਹਰਬਾਨ ਹਨ। ਮਹਿਲਾ ਥਾਣੇ ਨਜ਼ਦੀਕ ਪ੍ਰਾਈਵੇਟ ਕੰਮਕਾਰ ਕਰਨ ਵਾਲੇ ਲੋਕਾਂ ਦਾ ਕਹਿਣਾ ਸੀ ਕਿ ਲੋਕ ਵੱਡੀ ਗਿਣਤੀ 'ਚ ਆਪਣੇ ਕੰਮਕਾਰ ਲਈ ਮਿੰਨੀ ਸਕੱਤਰੇਤ ਆਉਂਦੇ ਹਨ, ਜੋ ਮਹਿਲਾ ਥਾਣੇ ਦੇ ਸਾਹਮਣੇ ਖਾਲੀ ਪਈ ਜਗ੍ਹਾ 'ਤੇ ਆਪਣੀ ਗੱਡੀ ਪਾਰਕਿੰਗ ਕਰਕੇ ਚਲੇ ਜਾਂਦੇ ਸੀ। ਲੋਕਾਂ ਨੇ ਦੱਸਿਆ ਕਿ ਸ਼ੁੱਕਰਵਾਰ ਦੁਪਹਿਰ ਨੂੰ ਪੁਲਸ ਦੇ ਇੱਕ ਅਫਸਰ ਦੀ ਗੱਡੀ ਟ੍ਰੈਫਿਕ 'ਚ ਫਸ ਗਈ ਤਾਂ ਉਸ ਗੱਡੀ ਅੱਗੇ ਚੱਲਣ ਵਾਲੀ ਪਾਇਲਟ ਗੱਡੀ ਨੇ ਹੂਟਰ ਛੱਡ ਦਿੱਤਾ। ਲੋਕਾਂ ਦਾ ਕਹਿਣਾ ਸੀ ਕਿ ਜਦੋਂ ਉਹ ਸ਼ਨੀਵਾਰ ਸਵੇਰੇ ਆਏ ਤਾਂ ਵੇਖਿਆ ਕਿ ਟ੍ਰੈਫਿਕ ਪੁਲਸ ਦੇ ਤਿੰਨ ਕਰਮਚਾਰੀ ਐਸ ਐਸ ਪੀ ਦੀ ਕੋਠੀ ਤੋਂ ਲੈ ਕੇ ਡਾਕਖਾਨੇ ਵਾਲੇ ਚੌਕ ਤੱਕ ਤੈਨਾਤ ਸਨ, ਜੋ ਰੋਡ ਦੇ ਦੋਨਾਂ ਪਾਸੇ ਕਿਸੇ ਗੱਡੀ ਨੂੰ ਪਾਰਕਿੰਗ ਨਹੀਂ ਸੀ ਹੋਣ ਦੇ ਰਹੇ। ਏਨਾ ਹੀ ਨਹੀਂ ਜੇਕਰ ਉਕਤ ਰੋਡ 'ਤੇ ਕਿਸੇ ਨੇ ਆਪਣਾ ਵਾਹਨ ਪਾਰਕਿੰਗ ਵਿੱਚ ਖੜ੍ਹਾ ਕਰ ਦਿੱਤਾ ਤਾਂ ਉਸ ਲਈ ਟ੍ਰੈਫਿਕ ਪੁਲਸ ਟੋਅ ਵੈਨ ਵੀ ਨਾਲ ਲੈ ਕੇ ਆਈ, ਜਿਸ ਨਾਲ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਲੋਕਾਂ ਦਾ ਕਹਿਣਾ ਸੀ ਕਿ ਐਸ ਐਸ ਪੀ ਸਾਹਿਬ ਦੀ ਆਪਣੀ ਗੱਡੀ ਫਸੀ ਤਾਂ ਹੁਕਮ ਚਾੜ੍ਹ ਦਿੱਤੇ ਪਰ ਦੂਸਰੇ ਪਾਸੇ ਐਸ ਐਸ ਪੀ ਦੀ ਕੋਠੀ ਤੋਂ ਅੱਗੇ ਇੱਕ ਪ੍ਰਾਈਵੇਟ ਸਕੂਲ ਦੇ ਬਾਹਰ ਸਕੂਲ ਵੈਨ ਅਤੇ ਹੋਰ ਵਾਹਨ ਖੜ੍ਹੇ ਹੁੰਦੇ ਹਨ, ਉਨ੍ਹਾਂ 'ਤੇ ਐਸ ਐਸ ਪੀ ਮੇਹਰਬਾਨ ਹਨ। ਉਨ੍ਹਾਂ ਕਿਹਾ ਕਿ ਕਾਨੂੰਨ ਸਭ ਲਈ ਇੱਕ ਹੋਣਾ ਚਾਹੀਦਾ ਹੈ। ਅਜਿਹੇ ਅਫਸਰ ਸਿਰਫ ਆਪਣੀ ਸੁਵਿਧਾ ਨੂੰ ਮੁੱਖ ਰੱਖਦੇ ਹੋਏ ਲੋਕਾਂ ਲਈ ਦੁਵਿਧਾ ਪੈਦਾ ਕਰਦੇ ਹਨ। ਲੋਕਾਂ ਦਾ ਕਹਿਣਾ ਸੀ ਕਿ ਪੀਲੀ ਲਾਈਨ ਅੰਦਰ ਵੀ ਪੁਲਸ ਗੱਡੀ ਨਹੀਂ ਖੜਨ ਦੇ ਰਹੀ।

ਕਾਤਰਾਂ

ਗੋਨਿਆਣਾ ਮੰਡੀ ਵਿਖੇ ਗੁਰਮਤਿ ਸਮਾਗਮ 13 ਤੋਂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸੇਵਾ ਪੰਥੀ ਸੰਪਰਦਾਇ ਦੀਆਂ ਮਹਾਨ ਸੇਵਾ ਜੋਤੀਆਂ ਦੀ ਬਰਸੀ ਸਬੰਧੀ ਸਾਲਾਨਾ ਗੁਰਮਤਿ ਸਮਾਗਮ ਤੇ ਯੋਗ ਭੰਡਾਰਾ 13 ਤੋਂ 15 ਜਨਵਰੀ ਤੱਕ ਟਿਕਾਣਾ ਭਾਈ ਜਗਤਾ ਜੀ ਸਾਹਿਬ (ਨੂਰਪੁਰ ਥਲ) ਗੋਨਿਆਣਾ ਮੰਡੀ ਵਿਖੇ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਸਮਾਗਮਾਂ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਰਣਜੀਤ ਸਿੰਘ ਨੇ ਦੱਸਿਆ ਕਿ ਭਾਈ ਘਨ੍ਹੈਈਆ ਸੇਵਾ ਪੰਥੀ ਸੰਪਰਦਾਇ ਦੇ ਬ੍ਰਹਮ ਗਿਆਨੀ ਭਾਈ ਜਗਤਾ ਜੀ ਸਾਹਿਬ, ਭਾਈ ਆਸਾ ਸਿੰਘ, ਮਹੰਤ ਭਾਈ ਤੀਰਥ ਸਿੰਘ, ਸੰਤ ਹਰਪਾਲ ਸਿੰਘ ਜੀ ਦੀ ਯਾਦ ਵਿੱਚ ਇਸ ਸਾਲਾਨਾ ਭੰਡਾਰਾ ਦੀ ਆਰੰਭਤਾ 12 ਜਨਵਰੀ ਨੂੰ ਗੋਨਿਆਣਾ ਮੰਡੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਪ੍ਰਵਾਹ ਨਾਲ ਸ਼ੁਰੂ ਹੋਵੇਗੀ। ਉਨ੍ਹਾਂ ਦੱਸਿਆ ਕਿ ਇਹ ਸਾਰੇ ਧਾਰਮਿਕ ਸਮਾਗਮ ਸੇਵਾ ਪੰਥੀ ਭਾਈ ਕਾਹਨ ਸਿੰਘ ਦੀ ਅਗਵਾਈ ਹੇਠ ਹੋਣਗੇ, ਜਿਸ ਤਹਿਤ 13 ਜਨਵਰੀ ਨੂੰ ਸਵੇਰੇ 10 ਵਜੇ ਤੋਂ ਦੀਵਾਨ ਸਜਾਏ ਜਾਣਗੇ ਤੇ 14 ਜਨਵਰੀ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। 15 ਜਨਵਰੀ ਨੂੰ ਸਮਾਗਮ ਦੇ ਅੰਤਿਮ ਦਿਨ ਵਿਸ਼ੇਸ਼ ਤੌਰ 'ਤੇ ਮਹਾਨ ਕੀਰਤਨੀਏ ਜਥੇ ਸੰਗਤਾਂ ਨੂੰ ਬਾਣੀ ਨਾਲ ਜੋੜਨਗੇ ਤੇ ਅੰਮ੍ਰਿਤ ਸੰਚਾਰ ਵੀ ਹੋਵੇਗਾ।

ਧੀਆਂ ਦੀ ਲੋਹੜੀ ਸੰਬੰਧੀ ਪ੍ਰੋਗਰਾਮ 13 ਨੂੰ

ਮਾਨਸਾ/ਬੁਢਲਾਡਾ (ਪਮਾਰ/ਲਾਕੜਾ)-ਪੰਜਾਬੀ ਸਾਹਿਤ ਕਲਾ ਮੰਚ ਮਾਨਸਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ 13 ਜਨਵਰੀ ਨੂੰ ਹਿਮਾਂਸ਼ੂ ਆਈਲਟਸ ਸੈਂਟਰ ਬੁਢਲਾਡਾ ਵਿਖੇ ਹੋਣਹਾਰ ਬੱਚੀਆਂ ਨੂੰ ਸਨਮਾਨ ਪੱਤਰ ਦੇ ਕੇ ਧੀਆਂ ਦੀ ਲੋਹੜੀ ਮਨਾਈ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਅਮਨਦੀਪ ਸ਼ਰਮਾ, ਉੱਪ ਪ੍ਰਧਾਨ ਰਜਿੰਦਰ ਮੋਨੀ ਵਰਮਾ, ਜਨਰਲ ਸਕੱਤਰ ਗੁਰਜੰਟ ਸਿੰਘ ਥੱਛੂਆਣਾ ਨੇ ਦੱਸਿਆ ਕਿ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ 11 ਧੀਆਂ ਦਾ ਇਸ ਦਿਨ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਹਿਮਾਂਸ਼ੂ ਆਈਲਟਸ ਸੈਂਟਰ ਦੇ ਡਾਇਰੈਕਟਰ ਹਿਮਾਂਸ਼ੂ ਗੋਇਲ ਨੇ ਦੱਸਿਆ ਕਿ ਸੈਂਟਰ ਲਈ ਇਹ ਬੜੀ ਫਖਰ ਵਾਲੀ ਗੱਲ ਹੈ ਕਿ ਅਸੀਂ ਆਪਣੇ ਇਲਾਕੇ ਦੀਆਂ ਹੋਣਹਾਰ ਲੜਕੀਆਂ ਨੂੰ ਆਪਣੇ ਸੈਂਟਰ ਵਿਖੇ ਸਨਮਾਨਤ ਕਰਨ ਵਿੱਚ ਫਖਰ ਮਹਿਸੂਸ ਕਰਾਂਗੇ। ਇਸ ਸਮੇਂ ਹਿਮਾਂਸ਼ੂ ਬਾਲਾ ਜੀ ਬੁੱਕ ਡੀਪੂ ਬੁਢਲਾਡਾ, ਸੁਭਾਸ਼ ਹੈਂਡਲੂਮ ਬੁਢਲਾਡਾ, ਸਟੇਟ ਐਵਾਰਡੀ ਜੋਗਿੰਦਰ ਸਿੰਘ ਲਾਲੀ ਸੈਂਟਰ ਹੈੱਡ ਟੀਚਰ ਟਾਹਲੀਆਂ ਆਦਿ ਹਾਜ਼ਰ ਸਨ।

ਦੁਰਗਾ ਮੰਦਰ ਵਿਖੇ ਸਾਲਾਨਾ ਉਤਸਵ ਦਾ ਕਾਰਡ ਰਿਲੀਜ਼

ਭੀਖੀ (ਧਰਮਵੀਰ ਸ਼ਰਮਾ)-ਸ਼੍ਰੀ ਪ੍ਰਾਚੀਨ ਦੁਰਗਾ ਮੰਦਰ ਕਮੇਟੀ ਰਾਮ ਬਾਗ ਰੋਡ ਭੀਖੀ ਵੱਲੋਂ ਕਰਵਾਏ ਜਾ ਰਹੇ ਸਾਲਾਨਾ ਉਤਸਵ ਦੇ ਸਬੰਧ ਵਿੱਚ ਅੱਜ ਕਾਰਡ ਰਿਲੀਜ਼ ਕਰਨ ਦੀ ਰਸਮ ਮੰਦਰ ਵਿਖੇ ਸ਼ੁਰੂ ਕੀਤੀ ਗਈ। ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਵਿਕਾਸ ਸ਼ਰਮ ਵਿੱਕੀ ਨੇ ਕਿਹਾ ਕਿ ਮੰਦਰ ਦੇ ਵਿਹੜੇ ਅੰਦਰ ਹਰ ਸਾਲ ਦੀ ਤਰ੍ਹਾਂ ਸ਼੍ਰੀ ਮਦ ਦੇਵੀ ਭਗਵਾਤ ਪੁਰਾਣ ਸਪਤਾਹ ਉਤਸਵ 8 ਜਨਵਰੀ ਤੋਂ ਮਨਾਇਆ ਜਾਵੇਗਾ, ਜਿਸ ਵਿੱਚ ਸ਼੍ਰੀ ਦੁਰਗਾ ਸਪਤਾਹ ਯੱਗ ਦਾ ਸ਼ੁਭ ਆਰੰਭ 8 ਜਨਵਰੀ ਨੂੰ ਸਵੇਰੇ 10 ਵਜੇ ਹੋਵੇਗਾ, ਜਿਸ ਦੌਰਾਨ ਕਥਾ ਪ੍ਰਵਚਨ ਰੋਜ਼ਾਨਾ 2 ਵਜੇ ਤੋਂ ਪ੍ਰਭੂ ਇੱਛਾ ਤੱਕ ਹੋਣਗੇ। ਉਨ੍ਹਾ ਦੱਸਿਆ ਕਿ 14 ਜਨਵਰੀ ਸੰਗਰਾਂਦ ਵਾਲੇ ਦਿਨ ਹਵਨ ਯੱਗ ਦੀ ਪੂਰਨ ਆਹੂਤੀ ਸਵੇਰੇ 9 ਵਜੇ ਪਾਈ ਜਾਵੇਗੀ ਤੇ ਸ਼੍ਰੀ ਮਦ ਦੇਵੀ ਸਪਤਾਹ ਯੱਗ ਪਾਠ ਦਾ ਭੋਗ 10 ਵਜੇ ਤੇ ਕੰਜਕ ਪੂਜਨ 10.30 ਵਜੇ ਕੀਤਾ ਜਾਵੇਗਾ। ਇਸ ਦਿਨ ਸ਼੍ਰੀ ਦੁਰਗਾ ਮਾਤਾ ਦੀ ਕਥਾ 11 ਵਜੇ ਸਵੇਰੇ ਕੀਤੀ ਜਾਵੇਗੀ। ਇਸ ਮੌਕੇ ਸਪਤਾਹ ਕਥਾ ਵਿੱਚ ਪ੍ਰਵਚਨ ਕਰਨ ਪ੍ਰਸਿੱਧ ਕਥਾਵਾਚਕ ਅਚਾਰੀਆ ਡਾ. ਨਵੀਨ ਸ਼ਾਸਤਰੀ ਪੀ ਐੱਚ ਡੀ ਸੁਨਾਮ ਵਾਲੇ ਆਪਣੇ ਮੁਖਾਰਬਿੰਦ ਤੋਂ ਕਰਨਗੇ। ਇਸ ਮੌਕੇ ਪੰਡਤ ਯੋਗੇਸ਼ ਸ਼ਾਸਤਰੀ, ਪੰਡਤ ਵਿਸ਼ਨੂੰ ਅਚਾਰੀਆ, ਹਰਪ੍ਰੀਤ ਸਿੰਘ ਚਹਿਲ, ਹਰਬੰਸ ਦਾਸ ਬਾਵਾ, ਪ੍ਰਧਾਨ ਵਿਕਾਸ ਸ਼ਰਮਾ ਵਿੱਕੀ, ਜਨਕ ਰਾਜ ਰੰਗ ਵਾਲਾ, ਨਵਜੀਤ ਰਿਖੀ, ਸੰਦੀਪ ਕੁਮਾਰ ਪੰਜਾਬ ਪੁਲਸ, ਆਰਕੀਟੈਕਟ ਮਨੋਜ ਗੋਇਲ ਆਦਿ ਹਾਜ਼ਰ ਸਨ।

ਡਾ. ਬਲਜੀਤ ਕੌਰ ਵੱਲੋਂ ਪੜ੍ਹਾਈ 'ਚ ਅੱਵਲ ਆਉਣ ਵਾਲੀਆਂ ਵਿਦਿਆਰਥਣਾਂ ਨੂੰ ਬੈਗ ਵੰਡਣ ਦੀ ਮੁਹਿੰਮ ਸ਼ੁਰੂ

■ 13 ਤੋਂ 20 ਜਨਵਰੀ ਤੱਕ ਮਨਾਈ ਜਾਵੇਗੀ ਧੀਆਂ ਦੀ ਲੋਹੜੀ

ਮੁਕਤਸਰ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)-ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਕੈਬਿਨਟ ਮੰਤਰੀ ਡਾ. ਬਲਜੀਤ ਕੌਰ ਨੇ ਮੇਰੀ ਬੇਟੀ ਮੇਰੀ ਸ਼ਾਨ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਇਸ ਤਹਿਤ ਉਹ ਖੁਦ ਸਰਕਾਰੀ ਸਕੂਲਾਂ ਦਾ ਦੌਰਾ ਕਰਕੇ ਵੱਖ ਵੱਖ ਜਮਾਤਾਂ ਵਿਚ ਅੱਵਲ ਆਉਣ ਵਾਲੀਆਂ ਵਿਦਿਆਰਥਣਾਂ ਨੂੰ ਸਕੂਲ ਬੈਗ ਵੰਡ ਕੇ ਉਨ੍ਹਾਂ ਦਾ ਹੌਸਲਾ ਵਧਾ ਰਹੇ ਹਨ ਅਤੇ ਨਾਲ ਹੀ ਇਸ ਦੌਰਾਨ ਉਹ ਇਨ੍ਹਾਂ ਵਿਦਿਆਰਥਣਾਂ ਨੂੰ ਉਨ੍ਹਾਂ ਦੀ ਸ਼ਖਸੀਅਤ ਉਸਾਰੀ ਲਈ ਵੀ ਉਨ੍ਹਾਂ ਦਾ ਮਾਰਗਦਰਸ਼ਨ ਕਰ ਰਹੇ ਹਨ।ਇਸ ਦੌਰਾਨ ਅੱਜ ਕੈਬਿਨਟ ਮੰਤਰੀ ਨੇ ਪਿੰਡ ਕਿੰਗਰਾ, ਰੱਥੜੀਆਂ, ਨਵਾਂ ਪਿੰਡ ਮਲੋਟ, ਪੁਰਾਣਾ ਪਿੰਡ ਮਲੋਟ, ਅੱਲਖ, ਸ਼ੇਰਗੜ੍ਹ ਦਾ ਦੌਰਾ ਕਰਕੇ ਬੇਟੀ ਬਚਾਓ ਬੇਟੀ ਪੜ੍ਹਾਓ ਪ੍ਰੋਗਰਾਮ ਤਹਿਤ ਵਿਦਿਆਰਥਣਾਂ ਨੂੰ ਮ

8-Jan-PAGE-11-Majha-24-Finak.qxd 1/7/2024 9:47 PM Page 1

ਬੀ ਡੀ ਪੀ ਓ ਵੱਲੋਂ ਵਾਰਡਬੰਦੀਆਂ 'ਚ ਵੱਡਾ ਹੇਰ-ਫੇਰ; ਲੋਕ ਰੋਸ ਪ੍ਰਗਟਾਵਾ ਕਰਨ ਦੇ ਰੌਅ 'ਚ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਪੰਜਾਬ ਸਰਕਾਰ ਵੱਲੋਂ ਜਲਦ ਹੀ ਪਿੰਡਾਂ ਦੀਆਂ ਪੰਚਾਇਤੀ ਚੋਣਾਂ ਕਰਵਾਉਣ ਲਈ ਹਾਕਮ ਸਰਕਾਰ ਨੇ ਵਧੀਆ ਫੈਸਲਾ ਲਿਆ। ਪਿੰਡਾਂ 'ਚ ਨਿਰਪੱਖ ਤੇ ਸ਼ਾਂਤੀਪੂਰਵਕ ਚੋਣਾਂ ਲਈ ਆਂਢ-ਗੁਆਂਢ 'ਚ ਰਹਿੰਦੇ ਪਰਿਵਾਰਾਂ ਨੂੰ ਇਕੱਠੇ ਕਰ ਕੇ ਲੜੀਵਾਰ ਵੋਟਰ ਲਿਸਟਾਂ 'ਚ ਦਰਸਾ ਕੇ ਨਵੀਆਂ ਵਾਰਡਬੰਦੀਆਂ ਬਣਾਈਆਂ ਜਾਣ ਕਿਉਂਕਿ ਸਾਬਕਾ ਸਰਕਾਰਾਂ ਵੱਲੋਂ ਪੰਚਾਇਤੀ ਚੋਣਾਂ 'ਚ ਹਾਕਮ ਧਿਰਾਂ ਨੇ ਵਾਰਡਬੰਦੀਆਂ ਬਣਾਉਣ ਵੇਲੇ ਥੋੜ੍ਹਾ-ਥੋੜ੍ਹਾ ਹੇਰ-ਫੇਰ ਕੀਤਾ ਸੀ ਪਰ ਹੁਣ ਹਾਕਮ ਧਿਰ ਨਹੀਂ ਸੀ ਚਾਹੁੰਦੀ ਕਿ ਕਿਸੇ ਵੀ ਵੋਟਰ ਨੂੰ ਖੱਜਲ ਖਰਾਬ ਕੀਤਾ ਜਾਵੇ ਜੋ ਕਿ ਸਰਕਾਰ ਦਾ ਸਲਾਹੁਣਯੋਗ ਫੈਸਲਾ ਹੈ ਪਰ ਪੰਜਾਬ ਸਰਕਾਰ ਦੇ ਨਿਯਮਾਂ ਦੇ ਉਲਟ ਚਲਦਿਆਂ ਬੀਡੀਪੀਓ ਚੋਹਲਾ ਸਾਹਿਬ ਨੇ ਇੱਕ ਨਹੀਂ ਅਨੇਕਾਂ ਪਿੰਡਾਂ ਵਿੱਚ ਪਤਾ ਨਹੀਂ ਕਿਸ ਦੇ ਇਸ਼ਾਰੇ 'ਤੇ ਜਾਂ ਆਪਣੀ ਮਨਮਰਜ਼ੀ ਨਾਲ ਵੋਟਰ ਲਿਸਟਾਂ 'ਚ ਜੋ ਨਵੀਆਂ ਵਾਰਡਬੰਦੀਆਂ ਬਣਾਈਆਂ ਉਸ ਵਿੱਚ ਆਂਢ-ਗੁਆਂਢ ਨੂੰ ਖਤਮ ਕਰਕੇ ਇੱਕ ਹੀ ਮਕਾਨ 'ਚ ਰਹਿ ਰਹੇ ਪਰਿਵਾਰਾਂ ਦੇ ਵੋਟਰਾਂ ਨੂੰ ਚੁਣ-ਚੁਣ ਕੇ ਕਈ ਕਈ ਵਾਰਡਾਂ 'ਚ ਦਰਸਾ ਦਿੱਤਾ ਤੇ ਪਰਿਵਾਰਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਤਾਂ ਜੋ ਕੋਈ ਵੀ ਪੰਚ/ਸਰਪੰਚ ਨਾ ਬਣ ਸਕੇ ਤੇ ਵੋਟਰ ਲਿਸਟਾਂ 'ਚ ਵੱਡੇ ਹੇਰ-ਫੇਰ ਨੂੰ ਛੁਪਾਉਣ ਲਈ ਪਿੰਡਾਂ ਦੇ ਲੋਕਾਂ ਨੂੰ ਵੋਟਰ ਲਿਸਟਾਂ ਦੀਆਂ ਕਾਪੀਆਂ ਵੀ ਨਹੀਂ ਦਿੱਤੀਆਂ ਸਗੋਂ ਆਨੇ ਬਹਾਨੇ ਲਗਾਏ ਗਏ। ਲੋਕਾਂ ਨੇ ਵੇਖਿਆ ਐਤਕੀਂ ਤਾਂ ਵੋਟਰ ਲਿਸਟਾਂ 'ਚ ਨਵੀਆਂ ਵਾਰਡਬੰਦੀਆਂ 'ਚ ਹੱਦੋਂ ਵੱਧ ਹੇਰ-ਫੇਰ ਹੋਇਆ ਹੈ। ਵੱਖ-ਵੱਖ ਰਾਜਨੀਤਿਕ, ਗੈਰ-ਰਾਜਨੀਤਿਕ ਪਾਰਟੀਆਂ, ਕਿਸਾਨ ਜਥੇਬੰਦੀਆਂ ਦੇ ਵਰਕਰਾਂ ਅਤੇ ਪੱਤਰਕਾਰਾਂ ਨੇ 3 ਜਨਵਰੀ ਨੂੰ ਬੀਡੀਪੀਓ ਦਫਤਰ ਜਾ ਕੇ ਬੇਨਤੀ ਵੀ ਕੀਤੀ ਕਿ ਜੋ ਤੁਸੀਂ ਨਵੀਆਂ ਵਾਰਡਬੰਦੀਆਂ ਬਣਾਈਆਂ ਉਹ ਪੰਜਾਬ ਸਰਕਾਰ ਦੇ ਨਿਯਮਾਂ ਮੁਤਾਬਿਕ ਨਹੀਂ। ਇਸ ਨਾਲ ਪਿੰਡਾਂ 'ਚ ਲੜਾਈ ਝਗੜੇ ਵਧਣਗੇ, ਸੁਧਾਰ ਕੀਤਾ ਜਾਵੇ ਅਤੇ ਵੋਟਰ ਲਿਸਟਾਂ ਵੀ ਸਾਨੂੰ ਦਿੱਤੀਆਂ ਜਾਣ ਪਰ ਬੀਡੀਪੀਓ ਨੇ ਕੋਈ ਠੋਸ ਜਵਾਬ ਨਾ ਦਿੱਤਾ ਜਿਸ ਤੋਂ ਅੱਕ ਕੇ ਲੋਕਾ ਨੇ ਬੀਡੀਪੀਓ ਦਫਤਰ ਦੇ ਬਾਹਰ ਇਨਸਾਫ ਲੈਣ ਲਈ ਧਰਨਾ ਦੇਣ ਦੀ ਤਿਆਰੀ ਕੀਤੀ ਤਾ ਬੀਡੀਪੀਓ ਹੌਲੀ ਜਿਹੀ ਖਿਸਕ ਗਿਆ। ਲੋਕਾਂ ਦਾ ਰੋਸ ਵੱਧ ਗਿਆ ਤੇ ਦਫਤਰ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਉਸ ਵੇਲੇ ਲੋਕ ਰੋਹ ਅੱਗੇ ਝੁਕਦਿਆਂ ਬੀਡੀਪੀਓ ਨੇ ਦਫਤਰੋਂ ਬਾਹਰ ਪੰਚਾਇਤ ਸਕੱਤਰਾਂ ਨੂੰ ਹਦਾਇਤ ਕੀਤੀ ਕਿ ਵੋਟਰ ਲਿਸਟਾਂ ਦੇ ਦਿਉ ਤੇ ਸਭ ਨੂੰ ਵਿਸ਼ਵਾਸ ਦਿਵਾਓ ਕਿ ਸਾਰੀਆਂ ਵਾਰਡਬੰਦੀਆਂ ਦੀਆਂ ਨਵੀਆਂ ਲਿਸਟਾਂ ਇੱਕ ਦੋ ਦਿਨਾਂ 'ਚ ਸੋਧ ਕੇ ਸਭ ਨੂੰ ਸਰਕਾਰ ਦੇ ਨਿਯਮਾਂ ਤਹਿਤ ਇਨਸਾਫ ਦਿੱਤਾ ਜਾਵੇਗਾ ਪਰ ਕਈ ਦਿਨ ਬੀਤਣ 'ਤੇ ਸਿਰਫ ਥੋੜੀਆਂ ਹੀ ਵਾਰਡਬੰਦੀਆਂ ਸਹੀ ਕੀਤੀਆਂ ਗਈਆਂ ਪਰ ਬਾਕੀ ਪਿੰਡਾਂ 'ਚ ਨਹੀਂ ਜਿਸ ਕਰਕੇ ਬਲਾਕ ਨਾਲ ਸਬੰਧਿਤ ਵੱਖ-ਵੱਖ ਰਾਜਨੀਤਿਕ ਪਾਰਟੀਆਂ ਜਿਵੇਂ ਸ਼੍ਰੋਮਣੀ ਅਕਾਲੀ ਦਲ (ਬ), ਕਾਂਗਰਸ ਪਾਰਟੀ, ਭਾਜਪਾ ਦੇ ਨਾਲ-ਨਾਲ ਆਮ ਆਦਮੀ ਪਾਰਟੀ ਦੇ ਸਰਗਰਮ ਵਰਕਰ ਤੇ ਕਿਸਾਨ ਜਥੇਬੰਦੀਆਂ ਨੇ ਪੱਤਰਕਾਰਾਂ ਦੁਆਰਾ ਪੰਜਾਬ ਸਰਕਾਰ, ਮੁੱਖ ਚੋਣ ਕਮਿਸ਼ਨਰ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਬੀਡੀਪੀਓ ਤੇ ਉਸ ਨਾਲ ਸਬੰਧਿਤ ਅਮਲੇ ਖਿਲਾਫ ਕਾਨੂੰਨੀ ਤੇ ਵਿਭਾਗੀ ਕਾਰਵਾਈ ਕੀਤੀ ਜਾਵੇ ਨਹੀਂ ਤਾਂ ਜਲਦ ਹੀ ਲੋਕ ਪਾਰਟੀਬਾਜ਼ੀ ਤੇ ਧੜੇਬੰਦੀ ਤੋਂ ਉੱਪਰ ਉੱਠ ਕੇ ਜਨਤਕ ਸੰਘਰਸ਼ ਲਈ ਮਜਬੂਰ ਹੋਣਗੇ। ਜੇਕਰ ਸੰਘਰਸ਼ ਲਈ ਮਾਨਯੋਗ ਅਦਾਲਤ ਦਾ ਕੁੰਡਾ ਵੀ ਖੜਕਾਉਣਾ ਪਿਆ ਤਾਂ ਵੀ ਪਿੱਛੇ ਨਹੀਂ ਹਟਣਗੇ। ਸੋ ਇੱਕ ਹਫਤੇ ਦੇ ਅੰਦਰ-ਅੰਦਰ ਬੀਡੀਪੀਓ ਤੇ ਸਬੰਧਿਤ ਵਿਭਾਗ ਨਿਰਪੱਖ ਤੌਰ 'ਤੇ ਵੋਟਰ ਲਿਸਟਾਂ 'ਚ ਸਹੀ ਵਾਰਡਬੰਦੀਆਂ ਕਰੇ।

ਬਟਾਲਾ ਨੂੰ ਵਿਕਾਸ ਤੇ ਸੁੰਦਰੀਕਰਨ ਪੱਖੋਂ ਨਮੂਨੇ ਦਾ ਸ਼ਹਿਰ ਬਣਾਇਆ ਜਾਵੇਗਾ: ਸ਼ੈਰੀ ਕਲਸੀ

ਬਟਾਲਾ (ਡਾ. ਮਲਵਿੰਦਰ ਸਿੰਘ)-ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਬਟਾਲਾ ਸ਼ਹਿਰ ਨੂੰ ਖੁੱਲ੍ਹੇ ਵਿੱਚ ਸ਼ੌਚ ਕਰਨ ਵਿੱਚ ਫ੍ਰੀ ਸ਼ਹਿਰ ਐਲਾਨ ਹੋਣ 'ਤੇ ਸ਼ਹਿਰ ਵਾਸੀਆਂ ਨੂੰ ਮੁਬਾਰਕਬਾਦ ਦਿੱਤੀ ਤੇ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਬਟਾਲਾ ਨੂੰ ਵਿਕਾਸ ਤੇ ਸੁੰਦਰੀਕਰਨ ਦੇ ਪੱਖੋਂ ਨਮੂਨੇ ਦਾ ਸ਼ਹਿਰ ਬਣਾਇਆ ਜਾਵੇਗਾ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਤਿਹਾਸਕ ਤੇ ਧਾਰਮਿਕ ਬਟਾਲਾ ਸ਼ਹਿਰ ਸਾਡਾ ਸਾਰਿਆਂ ਦਾ ਆਪਣਾ ਹੈ ਤੇ ਸਾਰਿਆਂ ਦੇ ਸਹਿਯੋਗ ਨਾਲ ਬਟਾਲਾ ਦੀ ਵਿਕਾਸ ਪੱਖੋਂ ਨੁਹਾਰ ਬਦਲਣ ਵਿੱਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ।

ਅਗਾਂਹਵਧੂ ਸੋਚ ਰੱਖਣ ਵਾਲੇ ਵਿਧਾਇਕ ਕਲਸੀ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬਾ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ, ਸਾਫ-ਸੁਥਰਾ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਣ ਮੁਹੱਈਆ ਕਰਵਾਉਣ ਲਈ ਲਗਾਤਾਰ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਦਾ ਵੀ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸੁਚੱਜੀ ਅਗਵਾਈ ਹੇਠ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਖਾਸ ਉਪਰਾਲੇ ਕੀਤੇ ਜਾ ਰਹੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਬਟਾਲਾ ਦੇ ਵਿਕਾਸ ਵਿੱਚ ਤੇਜ਼ੀ ਲਿਆਉਣ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ। ਬਟਾਲਾ ਵਿਖੇ ਬੁਨਿਆਦੀ ਢਾਂਚੇ ਦੇ ਵਿਕਾਸ, ਰਹਿੰਦ-ਖੂੰਹਦ ਪ੍ਰਬੰਧਨ, ਸੈਨੀਟੇਸ਼ਨ ਅਤੇ ਨਾਗਰਿਕ ਸਹੂਲਤਾਂ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਲੋਕਾਂ ਨੂੰ ਹੋਰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਉਹ ਯਤਨਸ਼ੀਲ ਹਨ, ਸ਼ਹਿਰ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਵਿਕਾਸ ਕੰਮ ਚੱਲ ਰਹੇ ਹਨ ਅਤੇ ਸ਼ਹਿਰ ਦੇ ਚਹੁੰਪੱਖੀ ਵਿਕਾਸ ਲਈ ਉਹ ਦ੍ਰਿੜ੍ਹ ਸੰਕਲਪ ਹਨ। ਉਨ੍ਹਾਂ ਸ਼ਹਿਰ ਵਾਸੀਆਂ ਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਕੂੜਾ ਗਲੀਆਂ/ਸੜਕਾਂ ਵਿੱਚ ਨਾ ਸੁੱਟਣ, ਸਫਾਈ ਸੇਵਕਾਂ ਨਾਲ ਸਹਿਯੋਗ ਕਰਨ ਅਤੇ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਲਈ ਅੱਗੇ ਆਉਣ।

ਪੰਜਾਬ ਪੁਲਸ/ਬੀਐੱਸਐੱਫ ਵੱਲੋਂ ਸਰਹੱਦੀ ਪਿੰਡਾਂ ਦੇ ਲੋਕਾਂ ਨਾਲ ਹੰਗਾਮੀ ਮੀਟਿੰਗ

ਕਲਾਨੌਰ (ਮਨਦੀਪ ਕੋਹਲੀ)-ਪੰਜਾਬ ਪੁਲਸ ਤੇ ਬੀਐੱਸਐੱਫ ਵੱਲੋਂ ਸਰਹੱਦੀ ਪਿੰਡਾਂ ਦੇ ਕਿਸਾਨਾਂ, ਸਰਪੰਚਾਂ ਪੰਚਾਂ ਅਤੇ ਮੋਹਤਬਰਾਂ ਨਾਲ ਕਲਾਨੌਰ ਵਿੱਚ ਮੀਟਿੰਗ ਕੀਤੀ ਗਈ। ਇਸ ਮੌਕੇ ਡੀਐੱਸਪੀ ਗੁਰਵਿੰਦਰ ਸਿੰਘ ਤੇ ਬੀਐੱਸਐੱਫ ਦੇ ਕੰਪਨੀ ਕਮਾਂਡਰ ਵੀ ਮੌਜੂਦ ਸਨ। ਇਸ ਮੌਕੇ ਡੀਐੱਸਪੀ ਗੁਰਵਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਸਰਹੱਦ ਤੇ ਦੇਸ਼ ਵਿਰੋਧੀ ਅਨਸਰਾਂ ਵੱਲੋਂ ਪੈ ਰਹੀ ਸੰਘਣੀ ਧੁੰਦ ਵਿੱਚ ਆਪਣੀਆਂ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ।

ਇਸ ਮੌਕੇ ਉਨ੍ਹਾਂ ਸਰਹੱਦੀ ਖੇਤਰ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਬਾਰਡਰ ਏਰੀਏ ਤੇ ਤਿੱਖੀ ਨਜ਼ਰ ਰੱਖਣ ਅਤੇ ਡਰੋਨ ਦੀ ਆਵਾਜ਼ ਸੁਣਾਈ ਦੇਣ ਅਤੇ ਸ਼ੱਕੀ ਵਿਅਕਤੀ ਜਾਂ ਕੋਈ ਸ਼ੱਕੀ ਵਾਹਨ ਦਿਖਾਈ ਦੇਣ 'ਤੇ ਤੁਰੰਤ ਪੁਲਸ ਅਤੇ ਬੀਐੱਸਐੱਫ ਦੇ ਜਵਾਨਾਂ ਨੂੰ ਇਤਲਾਹ ਕੀਤੀ ਜਾਵੇ।

ਇਸ ਮੌਕੇ ਐੱਸਐੱਚ ਓ ਮੇਜਰ ਸਿੰਘ, ਹਰਵਿੰਦਰ ਸਿੰਘ ਅਲਾਵਲਪੁਰ, ਸਰਪੰਚ ਗੁਰਨਾਮ ਸਿੰਘ, ਸੌਰਵ ਕੁਮਾਰ ਕੰਪਨੀ ਕਮਾਂਡਰ, ਮੁਕੇਸ਼ ਕੁਮਾਰ ਇੰਸਪੈਕਟਰ, ਏਐੱਸਆਈ ਸੁਰਿੰਦਰਪਾਲ, ਗੁਰਨਾਮ ਸਿੰਘ ਸਬ-ਇੰਸਪੈਕਟਰ, ਰਣਧੀਰ ਸਿੰਘ ਏਐੱਸਆਈ, ਹਰਪਾਲ ਸਿੰਘ ਏਐੱਸਆਈ, ਸੰਤ ਮਹਿੰਦਰ ਸਿੰਘ, ਅਸ਼ੋਕ ਕੁਮਾਰ, ਡਾ. ਬਲਜਿੰਦਰ ਸਿੰਘ, ਅਵਤਾਰ ਸਿੰਘ ਸਰਜੇ ਚੱਕ, ਦਵਿੰਦਰ ਸਿੰਘ, ਮੁਖਤਾਰ ਸਿੰਘ, ਕੁਲਵਿੰਦਰ ਸਿੰਘ ਆਦਿ ਬਾਰਡਰ ਏਰੀਏ ਦੇ ਲੋਕ ਹਾਜ਼ਰ ਸਨ।

ਪਸਨਾਵਾਲ 'ਚ ਦਸਮ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਨਗਰ ਕੀਰਤਨ ਸਜਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪਿੰਡ ਪਸਨਾਵਾਲ ਵਿਖੇ ਵੱਡਾ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜਾ ਪੂਰੀ ਸ਼ਰਧਾ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਵੱਡਾ ਗੁਰਦੁਆਰਾ ਸਾਹਿਬ ਤੋਂ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।

ਇਹ ਨਗਰ ਕੀਰਤਨ ਵੱਡਾ ਗੁਰਦੁਆਰਾ ਸਾਹਿਬ ਮੰਡ ਪੱਤੀ ਤੋਂ ਅਰੰਭ ਹੋ ਕੇ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ, ਗੁਰਦੁਆਰਾ ਸਾਹਿਬ ਜੌਹਲ ਪੱਤੀ, ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਗੁਰਦੁਆਰਾ ਸਾਹਿਬ ਤੋਂ ਹੁੰਦਾ ਹੋਇਆ ਪਿੰਡ ਦੀਆਂ ਪਰਿਕਰਮਾਂ ਕਰਦਾ ਹੋਇਆ ਵਾਪਿਸ ਅਰੰਭਿਕ ਸਥਾਨ ਤੇ ਸਮਾਪਤ ਹੋਇਆ। ਨਗਰ ਕੀਰਤਨ ਦੇ ਸੁਆਗਤ ਲਈ ਸ਼ਰਧਾਲੂਆਂ ਵਲੋਂ ਵੱਖ-ਵੱਖ ਥਾਂਵਾਂ ਤੇ ਸਜਾਵਟੀ ਗੇਟ ਬਣਾਏ ਅਤੇ ਕਈ ਪ੍ਰਕਾਰ ਦੇ ਲੰਗਰ ਲਗਾਏ ਗਏ ਅਤੇ ਕੇਲੇ, ਸੰਗਤਰੇ ਅਤੇ ਲੱਡੂ ਆਦਿ ਸੰਗਤ ਨੂੰ ਵਰਤਾਏ ਗਏ ਅਤੇ ਪੰਜ ਪਿਆਰਿਆਂ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਨਗਰ ਕੀਰਤਨ ਦੌਰਾਨ ਪੜਾਅਵਾਰ ਸਮਾਗਮਾਂ ਵਿੱਚ ਕਵੀਸ਼ਰੀ ਜਥਾ ਭਾਈ ਖਜਾਨ ਸਿੰਘ ਧਾਰੀਵਾਲ ਕਲਾਂ ਅਤੇ ਕਵੀਸਰੀ ਜਥਾ ਭਾਈ ਮਨਜੀਤ ਸਿੰਘ ਗਿੱਲਮੰਝ ਵਾਲਿਆਂ ਨੇ ਕਵੀਸ਼ਰੀਆਂ ਪੇਸ਼ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਚਾਨਣਾ ਪਾਉਂਦੇ ਹੋਏ ਸੰਗਤਾਂ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਨਗਰ ਕੀਰਤਨ ਵਿੱਚ ਪਿੰਡ ਦੇ ਸਰਪੰਚ ਹਰਦਿਆਲ ਸਿੰਘ, ਸਰਪੰਚ ਦਿਲਬਾਗ ਸਿੰਘ ਨਵਾਂ ਪਸਨਾਵਾਲ, ਸਾਬਕਾ ਸਰਪੰਚ ਗੁਰਨਾਮ ਸਿੰਘ, ਸਾਬਕਾ ਸਰਪੰਚ ਬਲਵਿੰਦਰ ਸਿੰਘ, ਪ੍ਰਧਾਨ ਬਾਬਾ ਗੁਰਨਾਮ ਸਿੰਘ, ਪੰਚ ਸੁਖਵਿੰਦਰ ਸਿੰਘ, ਗ੍ਰੰਥੀ ਬਾਬਾ ਸੁਖਵਿੰਦਰ ਸਿੰਘ, ਗ੍ਰੰਥੀ ਗੁਰਮੀਤ ਸਿੰਘ, ਗ੍ਰੰਥੀ ਨਰਿੰਦਰ ਸਿੰਘ ਫੌਜੀ, ਗ੍ਰੰਥੀ ਬਾਬਾ ਸਰੂਪ ਸਿੰਘ, ਮੇਜਰ ਸਿੰਘ, ਸਲਵਿੰਦਰ ਸਿੰਘ, ਨਵਜੋਤ ਸਿੰਘ, ਸੁਖਜਿੰਦਰ ਸਿੰਘ, ਦਮਨਪ੍ਰੀਤ ਸਿੰਘ, ਮਿਸਤਰੀ ਜਸਵੰਤ ਸਿੰਘ, ਨਰੈਣ ਦੱਤ, ਸਤਨਾਮ ਸਿੰਘ, ਧਰਮ ਸਿੰਘ, ਮੰਗਲ ਸਿੰਘ ਆਦਿ ਤੋਂ ਇਲਾਵਾ ਵੀ ਪਿੰਡ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਸੰਤ ਬਾਬਾ ਪਿਆਰਾ ਸਿੰਘ ਦੀ ਬਰਸੀ ਨੂੰ ਸਮਰਪਿਤ ਕਰਵਾਇਆ ਅੰਮ੍ਰਿਤ ਸੰਚਾਰ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸੰਤ ਬਾਬਾ ਪਿਆਰਾ ਸਿੰਘ ਗੁਰਦੁਆਰਾ ਬਾਬਾ ਦੀਪ ਸਿੰਘ ਸਾਧਪੁਰ ਵਾਲਿਆਂ ਦੀ ਬਰਸੀ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਵਿਖੇ ਮਹਾਨ ਅੰਮ੍ਰਿਤ ਸੰਚਾਰ ਕਰਵਾਇਆ ਗਿਆ ਜਿਸ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਆਏ ਹੋਏ ਪੰਜ ਪਿਆਰਿਆਂ ਵੱਲੋਂ 3 ਪ੍ਰਾਣੀਆਂ ਨੂੰ ਅੰਮ੍ਰਿਤ ਸੰਚਾਰ ਕਰਵਾ ਕੇ ਗੁਰੂ ਵਾਲਾ ਬਣਾਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਬਾਬਾ ਲਖਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਕਰੀਬ ਢਾਈ ਮਹੀਨਿਆਂ ਤੋਂ ਸੰਤ ਬਾਬਾ ਪਿਆਰਾ ਸਿੰਘ ਦੀ ਬਰਸੀ ਨੂੰ ਸਮਰਪਿਤ ਚੱਲ ਰਹੀ ਲੜੀ ਦੇ ਭੋਗ ਪੈਣ ਉਪਰੰਤ ਬਰਸੀ ਤੋਂ ਅਗਲੇ ਦਿਨ ਪਿੰਡ ਦੀ ਸਮੂਹ ਸਾਧ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਮਹਾਨ ਅੰਮ੍ਰਿਤ ਸੰਚਾਰ ਕਰਵਾਇਆ ਗਿਆ ਸੰਗਤਾਂ ਵਿੱਚ ਅੰਮ੍ਰਿਤ ਸੰਚਾਰ ਪ੍ਰਤੀ ਬੇਹੱਦ ਉਤਸ਼ਾਹ ਸੀ ਅਤੇ ਬੜੇ ਹੀ ਉਤਸ਼ਾਹ ਦੇ ਨਾਲ ਗੁਰੂ ਮਹਾਰਾਜ ਦੀ ਕਿਰਪਾ ਦੇ ਨਾਲ 33 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ ਜਿਨ੍ਹਾਂ ਨੂੰ ਫਰੀ ਕਕਾਰ ਵੀ ਵੰਡੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਲਖਵਿੰਦਰ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਬਾਬਾ ਦੀਪ ਸਿੰਘ, ਬਾਬਾ ਮਨਜੀਤ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਬਾਬਾ ਬੇਰ ਸਾਹਿਬ, ਭਾਈ ਗੁਰਪ੍ਰੀਤ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸ੍ਰੀ ਕਲਿਆਣ ਸਰ ਭੀਲੋਵਾਲ, ਭਾਈ ਤਰਵਿੰਦਰ ਸਿੰਘ, ਗੁਰਭੇਜ ਸਿੰਘ ਫੌਜੀ, ਸੁਬੇਗ ਸਿੰਘ ਅਤੇ ਹੋਰ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਬਾਬਾ ਲਖਵਿੰਦਰ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਅੱਜ ਸਾਡਾ ਸਮਾਜ ਕੁਰੀਤੀਆਂ ਦੀ ਜਕੜ ਵਿੱਚ ਆਉਂਦਾ ਜਾ ਰਿਹਾ ਹੈ। ਇਸ ਲਈ ਜਿੱਥੇ ਸਾਨ

8-JAN-PAGE-12.qxd 1/7/2024 9:46 PM Page 1

ਤੀਰਥ ਯਾਤਰਾ ਲਈ ਜਥਾ ਰਵਾਨਾ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਅੱਜ ਹਲਕਾ ਆਦਮਪੁਰ ਤੋਂ ਹਲਕਾ ਇੰਚਾਰਜ ਜੀਤ ਲਾਲ ਭੱਟੀ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਜਾਣ ਲਈ ਸ਼ਰਧਾਲੂਆਂ ਦਾ ਜਥਾ ਰਵਾਨਾ ਕੀਤਾ। ਇਸ ਮੌਕੇ ਹਲਕਾ ਇੰਚਾਰਜ ਜੀਤ ਲਾਲ ਭੱਟੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਤੀਰਥ ਯਾਤਰਾ ਸਕੀਮ ਸ਼ੁਰੂ ਕਰਨਾ ਸਰਕਾਰ ਦਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਇਸ ਮੌਕੇ ਬਰਕਤ ਰਾਮ ਚੇਅਰਮੈਨ ਮਾਰਕੀਟ ਕਮੇਟੀ ਭੋਗਪੁਰ, ਬਲਾਕ ਪ੍ਰਧਾਨ ਬਲਵਿੰਦਰ ਭੰਡਾਰੀ, ਬਲਾਕ ਪ੍ਰਧਾਨ ਪ੍ਰਦੀਪ ਸਿੰਘ, ਸੂਬੇਦਾਰ ਹੰਸ ਰਾਜ, ਸਤਨਾਮ ਸਿੰਘ ਮਨਕੋਟੀਆ, ਗੁਰਦੀਪ ਦੀਪੂ, ਸੁਖਦੇਵ ਲਾਲ ਪਾਰਟੀ ਦੇ ਮੈਂਬਰ ਸਹਿਬਾਨ ਮੌਜੂਦ ਸਨ।

ਭਾਜਪਾ ਕਿਸਾਨ ਸੈੱਲ ਦੇ ਵਾਈਸ ਪ੍ਰਧਾਨ ਚੌਧਰੀ ਵੱਲੋਂ ਅਹੁਦੇ ਤੋਂ ਅਸਤੀਫਾ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਸ਼ਹੀਦ ਭਗਤ ਸਿੰਘ ਨਗਰ ਤੋਂ ਬੀ ਜੇ ਪੀ ਦੇ ਕਿਸਾਨ ਸੈਲ ਦੇ ਵਾਇਸ ਪ੍ਰਧਾਨ ਚਰਨਜੀਤ ਸੰਜੂ ਚੌਧਰੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਨਿੱਜੀ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੈਂ ਪਾਰਟੀ ਦਾ ਵਫਾਦਾਰ ਸਿਪਾਹੀ ਹਾਂ ਅਤੇ ਹਮੇਸ਼ਾ ਰਹਾਂਗਾ। ਚਰਨਜੀਤ ਸੰਜੂ ਚੌਧਰੀ ਰਿਟਾਇਰ ਐਸ ਐਸ ਪੀ ਅਸ਼ੋਕ ਬਾਠ ਦੇ ਕਰੀਬੀਆਂ ਵਿੱਚੋਂ ਹਨ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਅਸ਼ੋਕ ਬਾਠ ਲਈ ਵੋਟਾਂ ਦੇ ਦਿਨਾਂ ਵਿੱਚ ਸੰਜੂ ਚੌਧਰੀ ਨੇ ਦਿਨ ਰਾਤ ਇੱਕ ਕਰ ਦਿੱਤਾ ਸੀ। ਸੰਜੂ ਚੌਧਰੀ ਸਾਫ ਤੇ ਇਮਾਨਦਾਰ ਸਟੈਂਡ ਵਾਲੇ ਨੇਤਾ ਹਨ।

ਜਗਦੀਪ ਸਿੰਘ ਪੁਆਰ ਜਲੰਧਰ ਛਾਉਣੀ -1 ਬਲਾਕ ਕਾਂਗਰਸ ਦੇ ਪ੍ਰਧਾਨ ਬਣੇ

ਜਲੰਧਰ (ਸ਼ੈਲੀ ਐਲਬਰਟ)-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਲੋਂ ਜਲੰਧਰ ਛਾਉਣੀ ਹਲਕੇ ਦੇ ਵਿਧਾਇਕ ਪਰਗਟ ਸਿੰਘ ਪੁਆਰ ਦੇ ਨਜ਼ਦੀਕੀ ਅਤੇ ਕਾਂਗਰਸ ਦੇ ਅਣਥੱਕ ਵਰਕਰ ਜਗਦੀਪ ਸਿੰਘ ਪੁਆਰ ਨੂੰ ਜਲੰਧਰ ਛਾਉਣੀ-1 ਬਲਾਕ ਕਾਂਗਰਸ ਦੇ ਪ੍ਰਧਾਨ ਬਣਾਇਆ ਗਿਆ ਹੈ। ਜਗਦੀਪ ਸਿੰਘ ਪੁਆਰ ਜਲੰਧਰ ਦੇ ਪਿੰਡ ਮਿੱਠਾਪੁਰ ਦੇ ਰਹਿਣ ਵਾਲੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਸਤਖਤਾਂ ਹੇਠ ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ ਜਲੰਧਰ ਛਾਉਣੀ -1 ਬਲਾਕ ਦੇ ਪਹਿਲੇ ਪ੍ਰਧਾਨ ਦਿਨੇਸ਼ ਸ਼ਰਮਾ ਨੂੰ ਅਹੁਦੇ ਤੋਂ ਪਾਰਗ ਕਰਦੇ ਹੋਏ ਜਗਦੀਪ ਸਿੰਘ ਪੁਆਰ ਨੂੰ ਨਵਾਂ ਪ੍ਰਧਾਨ ਬਣਾਇਆ ਗਿਆ ਹੈ।

ਪਹਿਲੀ ਫਰਵਰੀ ਨੂੰ ਪੰਜਾਬ ਬਚਾਓ ਮਾਰਚ ਆਰੰਭਿਆ ਜਾਵੇਗਾ : ਚੰਦੂਮਾਜਰਾ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)-ਆਪ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਨਾਕਾਮੀਆਂ ਨੂੰ ਪੰਜਾਬ ਦੇ ਲੋਕਾਂ ਚ ਜੱਗ ਜ਼ਾਹਰ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਪਹਿਲੀ ਫਰਵਰੀ ਨੂੰ ਪੰਜਾਬ ਬਚਾਓ ਮਾਰਚ ਆਰੰਭਿਆ ਜਾਵੇਗਾ ਜੋ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ 'ਚ ਜਾ ਕੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ, ਨਾਕਾਮੀਆਂ, ਮਾੜੀ ਕਾਨੂੰਨ ਵਿਵਸਥਾ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਆਦਿ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ । ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਇੱਥੇ 10 ਜਨਵਰੀ ਤੋਂ ਸ਼ੁਰੂ ਹੋ ਰਹੇ ਵਿਸ਼ਾਲ ਨਗਰ ਕੀਰਤਨ ਸਬੰਧੀ ਸੰਗਤ ਨੂੰ ਪ੍ਰੇਰਿਤ ਕਰਨ ਅਕਾਲੀ ਦਲ ਦੇ ਵਰਕਰਾਂ ਨਾਲ ਮੀਟਿੰਗ ਕਰਨ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਕੀਤਾ । ਉਨ੍ਹਾਂ ਕਿਹਾ ਕਿ ਪੰਜਾਬ ਅੱਜ ਸਹਿਮ ਦੇ ਮਾਹੌਲ ਵਿੱਚ ਭੈਭੀਤ ਹੋ ਰਿਹਾ ਹੈ, ਜਿਸ ਕਾਰਨ ਪੰਜਾਬ ਦੇ ਕਾਰੋਬਾਰੀ ਪੰਜਾਬ ਛੱਡ ਕੇ ਭੱਜ ਰਹੇ ਹਨ। ਚੰਦੂਮਾਜਰਾ ਨੇ ਕਿਹਾ ਕਿ ਸਰਕਾਰ ਦੀਆਂ ਗਲਤੀਆਂ ਕਾਰਨ ਪੰਜਾਬ ਦਾ ਭਵਿੱਖ ਅੱਜ ਧੁੰਦਲਾ ਨਜਰ ਆ ਰਿਹਾ ਹੈ । ਇਸ ਮੌਕੇ ਹਲਕਾ ਇੰਚਾਰਜ ਕਰਨ ਸਿੰਘ, ਚੰਦੂਮਾਜਰਾ ਦੇ ਸਿਆਸੀ ਸਕੱਤਰ ਅਮਨਦੀਪ ਸਿੰਘ ਮਾਂਗਟ, ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ, ਸੂਬਾ ਆਗੂ ਬਲਦੇਵ ਸਿੰਘ ਹਾਫਿਜਾਬਾਦ, ਯੂਥ ਆਗੂ ਲਖਵੀਰ ਸਿੰਘ ਲੱਖੀ, ਭਾਈ ਪਰਮਿੰਦਰ ਸਿੰਘ ਸੇਖੋਂ, ਅਮਰਜੀਤ ਸਿੰਘ ਢਿੱਲੋਂ, ਸਰਪੰਚ ਪਰਮਜੀਤ ਸਿੰਘ ਅਤੇ ਅਮਰਿੰਦਰ ਸਿੰਘ ਆਦਿ ਹਾਜ਼ਰ ਸਨ ।

ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਬਜਾਏ ਮਾਰੂ ਕੰਡੀਸ਼ਨਾਂ ਲਗਾ ਰਹੀ ਪੰਜਾਬ ਸਰਕਾਰ : ਗਿੱਲ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਸ਼ਨੀਵਾਰ ਪੰਜਾਬ ਰੋਡਵੇਜ਼/ਪਨਬਸ/ ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਦੀ ਮੀਟਿੰਗ ਜਲੰਧਰ ਬੱਸ ਸਟੈਂਡ 'ਤੇ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਅਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਰਾਠ, ਹਰਕੇਸ਼ ਕੁਮਾਰ ਵਿੱਕੀ, ਬਲਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਦੇ 27 ਡਿਪੂ ਦੇ ਆਗੂ ਸ਼ਾਮਲ ਹੋਏ, ਜਿਸ ਵਿੱਚ ਪੰਜਾਬ ਸਰਕਾਰ ਦੀਆਂ ਨੀਤੀਆਂ ਤੇ ਪਾਲਸੀ ਨੂੰ ਵੇਖਦੇ ਹੋਏ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਟਰਾਂਸਪੋਰਟ ਦੇ ਵਰਕਰਾਂ ਨੂੰ ਆ ਰਹੀਆਂ ਮੁਸ਼ਕਲਾਂ ਤੇ ਮੰਗਾਂ 'ਤੇ ਵਿਚਾਰ ਚਰਚਾ ਕੀਤੀ ਗਈ ਜਿਸ ਵਿੱਚ ਕੇਂਦਰ ਸਰਕਾਰ ਵੱਲੋਂ ਟ੍ਰੈਫਿਕ ਕਨੂੰਨ ਨੂੰ ਲੈ ਕੇ ਕੇਂਦਰ ਸਰਕਾਰ ਦੀ ਨਿਖੇਧੀ ਕੀਤੀ। ਭਾਰਤ 'ਚ ਮਾਰੂ ਕਨੂੰਨ ਲਾਗੂ ਕੀਤੇ ਜਾਂਦੇ ਹਨ ਪ੍ਰੰਤੂ ਜੋ ਮੁਲਾਜ਼ਮ 10 ਤੋਂ 15 ਹਜ਼ਾਰ ਦੀ ਨੌਕਰੀ ਕਰਦਾ ਹੈ ਉਹ ਕਿਥੇ 10 ਲੱਖ ਰੁਪਏ ਜੁਰਮਾਨਾ ਭਰ ਸਕਦਾ ਹੈ ਅਤੇ ਨਾਲ 7 ਸਾਲ ਦੀ ਸਜ਼ਾ। ਜੇਕਰ ਜੁਰਮਾਨਾ ਲੈਣ 'ਤੇ ਵੀ ਸਜ਼ਾ ਹੋਣੀ ਹੈ ਤਾਂ ਉਸ ਦੇ ਪਰਵਾਰ ਦੀ ਦੇਖਭਾਲ ਕੌਣ ਕਰੇਗਾ। ਯੂਨੀਅਨ ਨੇ ਨਜਾਇਜ਼ ਕੰਡੀਸ਼ਨਾਂ ਅਤੇ ਟਰੈਫਿਕ ਰੂਲਾਂ 'ਚ ਸੋਧ ਦਾ ਸਖਤ ਵਿਰੋਧ ਕੀਤਾ। ਟਰਾਂਸਪੋਰਟ ਵਿਭਾਗਾਂ ਦੇ ਵਿੱਚ ਲੰਮੇ ਸਮੇਂ ਤੋਂ ਕੰਟਰੈਕਟ 'ਤੇ ਕੰਮ ਕਰਦੇ ਕਿਸੇ ਵੀ ਮੁਲਾਜ਼ਮ ਨੂੰ ਪੱਕਾ ਨਹੀਂ ਕੀਤਾ ਗਿਆ। ਸੂਬਾ ਸੈਕਟਰੀ ਸ਼ਮਸ਼ੇਰ ਸਿੰਘ ਢਿੱਲੋਂ ਅਤੇ ਸੂਬਾ ਜੁਆਇੰਟ ਸੈਕਟਰੀ ਜਗਤਾਰ ਸਿੰਘ, ਜਲੋਰ ਸਿੰਘ ਨੇ ਕਿਹਾ ਕਿ ਜੇਕਰ ਸਰਕਾਰ ਨੇ ਟਰਾਂਸਪੋਰਟ ਦੇ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲਾ ਨਾ ਕੀਤਾ ਤਾਂ ਟਰਾਂਸਪੋਰਟ ਵਿਭਾਗ ਦੇ ਕਰਮਚਾਰੀ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਗੇ। ਸਾਰੇ ਪੰਜਾਬ ਦੇ ਆਗੂਆਂ ਵੱਲੋਂ ਫੈਸਲਾ ਲਿਆ ਗਿਆ ਕਿ 22 ਜਨਵਰੀ ਨੂੰ ਪੂਰੇ ਪੰਜਾਬ 'ਚ ਗੇਟ ਰੈਲੀਆਂ ਕੀਤੀਆਂ ਜਾਣਗੀਆਂ। 26 ਜਨਵਰੀ 'ਤੇ ਮੁੱਖ ਮੰਤਰੀ ਪੰਜਾਬ ਦਾ ਕਾਲੀਆਂ ਝੰਡੀਆਂ ਨਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਭਾਰਤੀ ਸੰਵਿਧਾਨ ਲਾਗੂ ਕਰਨ ਦੀ ਮੰਗ ਕੀਤੀ ਜਾਵੇਗੀ। 1 ਫਰਵਰੀ ਨੂੰ ਪਨਬੱਸ ਦੇ ਮੁੱਖ ਦਫਤਰ ਅੱਗੇ ਧਰਨਾ ਅਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, 7 ਫਰਵਰੀ ਨੂੰ ਗੇਟ ਰੈਲੀਆਂ ਕਰਕੇ ਵਰਕਰਾਂ ਨੂੰ ਲਾਮਬੰਦ ਕੀਤਾ ਜਾਵੇਗਾ। ਜੇਕਰ ਸਰਕਾਰ ਨੇ ਫੇਰ ਵੀ ਮੰਗਾਂ ਨਾ ਮੰਨੀਆਂ ਤਾਂ ਉਸ ਉਪਰੰਤ 13,14,15 ਫਰਵਰੀ ਦੀ ਤਿੰਨ ਰੋਜ਼ਾ ਮੁਕੰਮਲ ਹੜਤਾਲ ਕਰਕੇ ਮੁੱਖ ਮੰਤਰੀ ਪੰਜਾਬ,ਟਰਾਂਸਪੋਰਟ ਮੰਤਰੀ ਪੰਜਾਬ ਦੇ ਘਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਮੀਟਿੰਗ 'ਚ ਗੁਰਪ੍ਰੀਤ ਸਿੰਘ ਪੰਨੂ, ਰੋਹੀ ਰਾਮ, ਜਸਵਿੰਦਰ ਸਿੰਘ ਜੱਸੀ, ਕੇਵਲ ਸਿੰਘ, ਰਾਮ ਦਿਆਲ, ਕੁਲਵੰਤ ਸਿੰਘ, ਜਗਜੀਤ ਸਿੰਘ, ਤਰਸੇਮ ਸਿੰਘ, ਹਰਜਿੰਦਰ ਸਿੰਘ, ਪਰਮਜੀਤ ਸਿੰਘ ਕੋਹਾੜ ਲਵਲੀ ਆਦਿ ਆਗੂ ਸ਼ਾਮਲ ਹੋਏ।

ਪ੍ਰੋ. ਗੁਰਮੀਤ ਸਰਾਂ ਨਹੀਂ ਰਹੇ

ਜਲੰਧਰ-ਸਾਹਿਤਕ ਹਲਕਿਆਂ 'ਚ ਇਹ ਖਬਰ ਬੜੇ ਦੁੱਖ ਨਾਲ ਸੁਣੀ ਜਾਏਗੀ ਕਿ ਮੁਕੇਰੀਆਂ ਦੇ ਪ੍ਰਸਿੱਧ ਪੰਜਾਬੀ ਲੇਖਕ ਤੇ ਪੰਜਾਬੀ ਸਾਹਿਤ ਸਭਾ ਮੁਕੇਰੀਆਂ ਦੇ ਪ੍ਰਧਾਨ ਪ੍ਰੋ. ਗੁਰਮੀਤ ਸਰਾਂ ਨਹੀਂ ਰਹੇ। ਉਹ 3-4 ਮਹੀਨਿਆਂ ਤੋਂ ਬਿਮਾਰ ਚਲੇ ਆ ਰਹੇ ਸਨ। ਉਨ੍ਹਾ ਨੇ ਬਤੌਰ ਲਾਇਬ੍ਰੇਰੀਅਨ, ਸਪਨ ਕਾਲਜ ਮੁਕੇਰੀਆਂ ਵਿਖੇ 1982 'ਚ ਜਾਇਨ ਕੀਤਾ। ਪ੍ਰੋ. ਡਾਕਟਰ ਸਰਬਜੋਤ ਸਿੰਘ, ਸੀਨੀਅਰ ਮੀਤ ਪ੍ਰਧਾਨ, ਪੰਜਾਬੀ ਸਾਹਿਤ ਸਭਾ ਮੁਕੇਰੀਆਂ ਅਨੁਸਾਰ ਉਹ 1992 ਤੋਂ ਪੰਜਾਬੀ ਸਾਹਿਤ ਸਭਾ ਮੁਕੇਰੀਆਂ ਦੇ ਪ੍ਰਧਾਨ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਕਾਰਜਕਾਰਨੀ ਦੇ ਮੈਂਬਰ ਚਲੇ ਆ ਰਹੇ ਸਨ। ਪ੍ਰੋ. ਜਸਵੰਤ ਸਿੰਘ ਅਨੁਸਾਰ ਉਨ੍ਹਾ ਨੇ 15 ਕਾਵਿ ਤੇ ਵਾਰਤਕ ਪੁਸਤਕਾਂ ਤੇ ਕੁਝ ਖੋਜ ਪੱਤਰ ਮਾਂ ਬੋਲੀ ਦੀ ਝੋਲੀ ਪਾਏ।

ਪ੍ਰੋ. ਬਲਬੀਰ ਸਿੰਘ ਮੁਕੇਰੀਆਂ ਨੇ ਦੱਸਿਆ ਕਿ ਗੁਰਮੀਤ ਸਰਾਂ ਨੇ ਪੰਜਾਬੀ ਮਾਂ ਬੋਲੀ ਲਈ ਲਈ ਲੜੇ ਗਏ ਘੋਲਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਇਆ। 2020 'ਚ ਲੜੇ ਗਏ ਕਿਸਾਨੀ ਸੰਘਰਸ਼ 'ਚ ਪ੍ਰੋ. ਸਰਾਂ ਨੇ ਤਨ, ਮਨ ਤੇ ਧਨ ਨਾਲ ਹਿੱਸਾ ਲਿਆ। ਉਨ੍ਹਾ ਕਾਲਜ ਵਿਦਿਆਰਥੀਆਂ/ ਵਿਦਿਆਰਥਣਾਂ ਤੇ ਕਾਲਜ ਅਧਿਆਪਕਾਂ ਵਿੱਚ ਪੰਜਾਬੀ ਦਾ ਪ੍ਰਚਾਰ ਕਰਕੇ ਬਹੁਤ ਸਾਰੇ ਲੇਖਕ ਤੇ ਕਵੀ ਪੈਦਾ ਕੀਤੇ। ਪੰਜਾਬੀ ਸਾਹਿਤ ਸਭਾ ਮੁਕੇਰੀਆਂ ਦੀ ਇੱਕ ਹੰਗਾਮੀ ਮੀਟਿੰਗ 'ਚ ਇੱਕ ਸ਼ੋਕ ਮਤਾ ਪਾਸ ਕਰਕੇ ਸਰਾਂ ਦੇ ਨੇੜਲੇ ਸੰਬੰਧੀਆਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਉਹ ਆਪਣੇ ਪਿੱਛੇ ਦੋ ਧੀਆਂ ਤੇ ਇੱਕ ਬੇਟਾ ਛੱਡ ਗਏ ਹਨ। ਇੱਕ ਹੋਰ ਸ਼ੋਕ ਮਤੇ 'ਚ ਸਪਨ ਕਾਲਜ ਦੇ ਪ੍ਰੋਫੈਸਰਾਂ ਤੇ ਪ੍ਰਿੰਸੀਪਲ ਵੱਲੋਂ ਸਰਾਂ ਦੀ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ। ਇੱਕ ਹੋਰ ਮਤੇ 'ਚ ਦਸਮੇਸ਼ ਗਰਲਜ਼ ਕਾਲਜ ਮੁਕੇਰੀਆਂ ਵੱਲੋਂ ਵੀ ਸਰਾਂ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾ ਦਾ ਅੰਤਮ ਸੰਸਕਾਰ ਅੱਜ ਵਸੰਤ ਵਿਹਾਰ, ਖਿੱਚੀਆਂ, ਮੁਕੇਰੀਆਂ ਵਿਖੇ ਕਰ ਦਿੱਤਾ ਗਿਆ।

ਐਕਸੀਅਨ ਮਹਿੰਦਰ ਪਾਲ ਜੱਸਲ ਨੂੰ ਭਰਪੂਰ ਸ਼ਰਧਾਂਜਲੀਆਂ

ਸ਼ਰਧਾਂਜਲੀ ਭੇਂਟ ਕਰਦੇ ਹੋਏ ਬੀਬੀ ਰਣਜੀਤ ਕੌਰ ਅਤੇ ਹਾਜ਼ਰ ਪਤਵੰਤੇ।

ਸ਼ਾਹਕੋਟ (ਗਿਆਨ ਸੈਦਪੁਰੀ)- ਸਾਬਕਾ ਐਮ ਸੀ ਸ਼ਾਹਕੋਟ 'ਆਪ' ਦੇ ਸੀਨੀਅਰ ਆਗੂ ਜਤਿੰਦਰਪਾਲ ਸਿੰਘ ਬੱਲ੍ਹਾ, ਤਜਿੰਦਰ ਪਾਲ ਸਿੰਘ ਜੱਸਲ ਤੇ ਰਵਿੰਦਰ ਕੁਮਾਰ ਜੱਸਲ (ਦੋਵੇਂ ਸੇਵਾ ਮੁਕਤ ਲੈਕਚਰਾਰ) ਦੇ ਵੱਡੇ ਭਰਾ ਅਤੇ ਲੱਕੀ ਜੱਸਲ ਦੇ ਪਿਤਾ ਮਹਿੰਦਰ ਪਾਲ ਸਿੰਘ ਜੱਸਲ ਸੇਵਾ ਮੁਕਤ ਐਕਸੀਅਨ ਨੂੰ ਭਰਪੂਰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਉਹ ਪਿਛਲੇ ਦਿਨੀਂ ਵਿਛੋੜਾ ਦੇ ਗਏ ਸਨ। ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਅਸ਼ੋਕ ਨਗਰ ਜਲੰਧਰ ਵਿਖੇ ਹੋਏ ਸ਼ਰਧਾਂਜਲੀ ਸਮਾਗਮ ਵਿੱਚ ਆਪ ਹਲਕਾ ਇੰਚਾਰਜ ਸਵਰਗੀ ਰਤਨ ਸਿੰਘ ਕਾਕੜ ਕਲਾਂ ਦੀ ਪਤਨੀ ਬੀਬੀ ਰਣਜੀਤ ਕੌਰ ਕਾਕੜ ਕਲਾਂ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਭਰਾਵਾਂ, ਭੈਣਾਂ ਤੇ ਪੁੱਤਰ ਦੀ ਸਮਾਜ 'ਚ ਬਣਾਈ ਗਈ ਸਤਿਕਾਰਤ ਥਾਂ ਤੋਂ ਹੀ ਸਪੱਸ਼ਟ ਹੁੰਦਾ ਹੈ ਕਿ ਮਹਿੰਦਰਪਾਲ ਸਿੰਘ ਜੱਸਲ ਦੀ ਸੁਚੱਜੀ ਅਗਵਾਈ ਸਦਕਾ ਹੀ ਇਹ ਸਭ ਕੁਝ ਹੋ ਸਕਿਆ। ਉਨ੍ਹਾਂ ਕਿਹਾ ਕਿ ਇੱਥੋਂ ਅਤੇ ਸ਼ਾਹਕੋਟ ਦੇ ਜੱਸਲ ਪਰਵਾਰ ਨਾਲ ਆਮ ਆਦਮੀ ਪਾਰਟੀ ਹਰ ਤਰ੍ਹਾਂ ਦੇ ਦੁੱਖ ਸੁੱਖ 'ਚ ਅੰਗ ਸੰਗ ਰਹੇਗੀ। ਉਨ੍ਹਾਂ ਸਮਾਗਮ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਧੰਨਵਾਦ ਵੀ ਕੀਤਾ। ਕ੍ਰਿਸ਼ਨ ਲਾਲ ਖੰਡ ਵਾਲੇ ਪ੍ਰਧਾਨ ਹਰੀ ਦਰਸ਼ਨ ਮੰਦਰ ਅਸ਼ੋਕ ਨਗਰ ਨੇ ਵੀ ਸ਼ਰਧਾਂਜਲੀ ਭੇਟ ਕਰਦਿਆਂ ਮਹਿੰਦਰ ਪਾਲ ਸਿੰਘ ਦੀ ਸ਼ਖਸੀਅਤ ਦੇ ਵੱਖ ਵੱਖ ਪਹਿਲੂਆਂ ਦਾ ਸਤਿਕਾਰ ਨਾਲ ਜ਼ਿਕਰ ਕੀਤਾ। ਜਤਿੰਦਰ ਪਾਲ ਸਿੰਘ ਬੱਲ੍ਹਾ ਨੇ ਸਟੇਜ ਸੰਚਾਲਨ ਕੀਤਾ। ਉਨ੍ਹਾਂ ਕਿਹਾ ਕਿ ਮਹਿੰਦਰ ਪਾਲ ਸਿੰਘ ਸੇਵਾ ਮੁਕਤ ਐਕਸੀਅਨ ਆਪਣੇ ਪਿੱਛੇ ਵੱਡੀ ਪਰਵਾਰਕ ਫੁਲਵਾੜੀ ਛੱਡ ਕੇ ਗਏ ਹਨ। ਇਸ ਮੌਕੇ ਬਹੁਤ ਸਾਰੀਆਂ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਵੱਲੋਂ ਸੋਗ ਮਤੇ ਵੀ ਆਏ। ਇਸ ਤੋਂ ਪਹਿਲਾਂ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਅਤੇ ਕਥਾ ਕੀਰਤਨ ਹੋਇਆ।

ਬਾਪੂ ਕੁੰਭ ਦਾਸ ਦੇ ਬਰਸੀ ਮੇਲੇ 'ਤੇ ਸ਼ੋਭਾ ਯਾਤਰਾ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ) : ਧੰਨ ਧੰਨ ਬਾਪੂ ਕੁੰਭ ਦਾਸ ਦੀ 18ਵੀਂ ਬਰਸੀ ਦੇ ਸੰਬੰਧ ਵਿੱਚ ਡੇਰਾ ਬਾਪੂ ਕੁੰਭ ਦਾਸ ਬਰਾਰੀ ਬਾਲੇਵਾਲ ਤੋਂ ਮੁੱਖ ਗੱਦੀਨਸ਼ੀਨ ਮਹੰਤ ਬੰਤੋ ਦਾਸ ਦੀ ਅਗਵਾਈ 'ਚ ਬਾਪੂ ਕੁੰਭ ਦਾਸ ਸੇਵਾ ਮਿਸ਼ਨ ਵੱਲੋਂ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ। ਸ਼ੋਭਾ ਯਾਤਰਾ ਡੇਰੇ ਤੋਂ ਸ਼ੁਰੂ ਹੋ ਕੇ ਵੱਖ ਵੱਖ ਪਿੰਡਾਂ ਬਾਲੇਵਾਲ